# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਚਰਨ-ਗੰਗਾ ਦੇ ਪੁਲ ਤੋਂ ਅਨੰਦਪੁਰ ਦੇ ਦਰਸ਼ਨ

ਨਵੰਬਰ ੧੯੭੫ Nov 1975



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਵਿਚਕਾਰ), ਖੱਬੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ
ਸੱਜੇ ਦੂਰ ਚਿੱਟਾ ਗੁੰਬਦ ਗੁਰਦੁਆਰਾ ਅਨੰਦਗੜ੍ਹ ਤੇ ਅਨੰਦਗੜ੍ਹ ਦੇ ਖੰਡਰ

www.AKJ.org

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ ੩/੭੦–੬੮–੨੧ (ਅ. ਪ.) ਮਿਤੀ ੧੭-੧੦-੬੮ ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

## ਤਤਕਰਾ


| | | |
|---|---|---|
| ਸਾਧ ਸੰਗਤ ਦੀ ਤਾਂਘ (ਫ਼ਾਰਸੀ ਗਜ਼ਲ) | ਭਾਈ ਸਾਹਿਬ ਨੰਦ ਲਾਲ ਜੀ | ੧ |
| ਧਰਮ ਰਾਇ ਦੀ ਦਰਗਾਹ (੬) | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਸਾਧ ਸੰਗਤ ਦੀ ਤਾਂਘ (ਪੰਜਾਬੀ ਕਾਵਿ ਰੂਪ) | ਸ: ਵਿਧਾਤਾ ਸਿੰਘ ਜੀ ਤੀਰ | ੭ |
| ਅਕਾਲ ਪੁਰਖ ਦੀ ਤੱਤ ਲਖਤਾ | ਭਾਈ ਸਾਹਿਬ ਰਣਧੀਰ ਸਿੰਘ ਜੀ | ੮ |
| ਸ੍ਰੀ ਗੁਰੂ ਗ੍ਰੰਥ ਜੀ ਦੇ ਦਰਸ਼ਨ-ਦੀਦਾਰ | ਸ: ਤਰਲੋਚਨ ਸਿੰਘ ਜੀ ਦਿਲੀ | ੧੨ |
| ਵਿਚਹੁ ਮਾਰਿ ਕਢੀਆ ਬੁਰਿਆਈਆ | ਗਿ: ਗੋਪਾਲ ਸਿੰਘ ਜੀ ਮਿਤਰ | ੧੪ |
| ਨਨਕਾਣੇ ਦੀ ਯਾਦ (ਕਵਿਤਾ) | " " " | ੧੫ |
| ਸਾਈਂ ਦਰ ਤੇ ( " ) | ਸ: ਹਰਭਜਨ ਸਿੰਘ ਸਿਧੂ | ੧੬ |
| ਮੈਂ ਤੈਥੋਂ ਬਲਿਹਾਰ ਹੇ ਨਾਨਕ ( " ) | ਬੀਬੀ ਰਜਵੰਤ ਕੌਰ ਜੀ | ੧੭ |
| ਮੇਰਾ ਪੱਕਾ ਯਾਰ ਹੈ ਨਾਨਕ ( " ) | ਕਾਕਾ ਜਸਵਿੰਦਰਪਾਲ ਸਿੰਘ ਜੀ | ੧੭ |
| ਅਰਦਾਸ ( " ) | ਸ: ਤਰਲੋਚਨ ਸਿੰਘ ਜੀ ਦਿਲੀ | ੧੮ |
| ਸਮੱਸਿਆ ਦਾ ਹੱਲ | ਪ੍ਰਿੰਸੀਪਲ ਸੁਜਾਨ ਸਿੰਘ ਜੀ | ੧੯ |
| ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ | ਬੀਬੀ ਅਜੀਤ ਕੌਰ ਜੀ | ੨੪ |
| ਸਿਖ ਰਾਗੀ ਮਹਿੰਗੇ—ਘਾਲ ਥੋੜੀ ਮਾਲ ਬਹੁਤਾ | ਗਿ: ਗੁਰਬਚਨ ਸਿੰਘ ਜੀ, ਪਟਨਾ ਸਾਹਿਬ | ੨੬ |
| ਪੰਜਾਬੀਆਂ ਨੂੰ ਨਸ਼ਿਆਂ ਤੋਂ ਬਚਾਓ | ਸ: ਜਸਵੰਤ ਸਿੰਘ ਜੀ | ੨੭ |
| ਬੀਬੀ ਦੋਦੋ ਰਾਣੀ | ਸ: ਵਰਿਆਮ ਸਿੰਘ ਜੀ, ਦਿਲੀ | ੨੯ |
| ਦਿਮਾਗੀ ਪੱਧਰ ਤੇ ਗੁਰਮਤਿ | ਗਿ: ਜਸਮੇਰ ਸਿੰਘ ਜੀ ਪਾਲ | ੩੩ |
| ਕਕਾਰ ਫਿਲਾਸਫ਼ੀ | ਸ: ਗੁਰਮੀਤ ਸਿੰਘ ਜੀ, ਡਲਹੌਜ਼ੀ | ੩੮ |
| ਭਾਰਤ ਸਰਕਾਰ ਦਾ ਸ਼ਲਾਘਾ ਯੋਗ ਕਦਮ | ਗਿ: ਗੁਰਦਿਤ ਸਿੰਘ ਜੀ | ੩੯ |


ਸ੍ਰੀ ਗੁਰੂ ਗ੍ਰੰਥ ਸਾਹਿਬ ਗੱਦੀ ਨੰਦੇੜ ੫ ਨਵੰਬਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ੮ ਨਵੰਬਰ

**ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਧਾਰਿਆ ੧੮ ਨਵੰਬਰ**

## 'ਸੂਰਾ' ਪੱਤਰ ਨੂੰ ਸਹਾਇਤਾ

| | |
|---|---|
| ਸ: ਤੀਰਥ ਸਿੰਘ ਜੀ ਦਿਲੀ ਵਲੋਂ ਆਪਣੇ ਸਪੁਤਰ ਹਰਮਿੰਦਰ ਸਿੰਘ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 25—00 |
| ਸ: ਹਰਸੇਵ ਸਿੰਘ ਸੈਨੀ (*A. F. stn.*) ਦਿਲੀ | 2—00 |
| ਸ: ਸਤਵਿੰਦਰ ਸਿੰਘ ਸਿੰਦਰੀ | 5—00 |
| ਬੀਬੀ ਵਰਿਆਮ ਕੌਰ ਦਿਲੀ ਵਲੋਂ ਸ: ਤਾਜ ਸਿੰਘ ਜੀ ਦੀ ਸਾਲਾਨਾ ਬਰਸੀ ਸਮੇਂ | 11—00 |
| ਸ: ਗੁਰਦਿਆਲ ਸਿੰਘ ਜੀ ਕਾਨਪੁਰ ਵਲੋਂ ਪਿਤਾ ਜੀ ਦੇ ਚਲਾਣੇ ਸਮੇਂ | 31—00 |
| " " " 'ਸੂਰਾ' ਦੀ ਚੜ੍ਹਦੀ ਕਲਾ ਲਈ | 3—00 |
| ਇਕ ਗੁਪਤ ਪ੍ਰੇਮੀ ਜੀ—ਆਪਣੀਆਂ ਭੁਲਾਂ ਬਖਸ਼ਾਉਣ ਲਈ ਅਰਦਾਸ ਕਰਦੇ ਹਨ | 10—00 |
| ਗਿਆਨੀ ਸਤਨਾਮ ਸਿੰਘ ਜੀ ਪਾਬਲਾ | 5—00 |

ਸਤਿਗੁਰੂ ਦਾਤਾਰ ਪਿਤਾ ਸਰਬਤ ਨੂੰ ਸਿਖੀ ਸਿਦਕ, ਚਰਨਾਂ ਦੀ ਪ੍ਰੀਤ ਤੇ ਚੜ੍ਹਦੀਆਂ ਕਲਾ ਬਖਸ਼ਣ।

ਜੀਊਲ ਫਾਈਨ ਪ੍ਰਿੰਟਰਜ਼, ਹਾਥੀਖਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ 51847

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





ਸਲਾਨਾ ਚੰਦਾ ੮—੦੦

ਇਕ ਪਰਚਾ ੦—੭੫

**ਪਰਦੇਸ**

ਸਮੁਦਰੀ ਡਾਕ ਇਕ ਪੌਂਡ

ਹਵਾਈ ਡਾਕ

ਮਲਾਇਆ ਆਦਿ ਦੋ ਪੌਂਡ

ਯੂ. ਕੇ. ਆਦਿ ਢਾਈ ਪੌਂਡ

ਅਮਰੀਕਾ, ਕੈਨੇਡਾ ੮ ਡਾਲਰ

ਐਡੀਟਰ

ਗਿ: ਜਸਵੰਤ ਸਿੰਘ

ਬੀ.ਏ., ਬੀ.ਟੀ.


# ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ


ਜਿਲਦ ੯ ਨਵੰਬਰ ੧੯੭੫ ਅੰਕ ੧੧


## ਸਾਧ ਸੰਗਤ ਦੀ ਤਾਂਘ

ਰਾਹ ਰਸਾਨਿ, ਰਾਹਿ ਹੱਕ, ਆਮਦ ਅਦਬ।
ਹਮ ਬਦਿਲ ਯਾਦਿ ਖ਼ੁਦਾ-ਓ, ਹਮ ਬਾ-ਲਬ ॥੧॥

ਹਰ ਕੁਜਾ ਦੀਦੇਮ, ਅਨਵਾਰਿ ਖ਼ੁਦਾ।
ਬਸ ਕਿ ਅਜ਼ ਸੁਹਬਤਿ ਬਜ਼ੁਰਗਾਂ, ਸ਼ੁਦ ਜਜ਼ਬ ॥੨॥

ਚਸ਼ਮਿ ਮਾ, ਗ਼ੈਰ ਅਜ਼ ਜਮਾਲਸ਼, ਵਾ ਨ ਖ਼ੁਦ।
ਜਾਂ ਕਿ ਜੁਮਲਾ ਖ਼ਲਕ ਰਾ, ਦੀਦੇਮ ਰੱਬ ॥੩॥

ਖ਼ਾਕਿ ਕਦਮਸ਼, ਰੌਸ਼ਨੀ-ਇ, ਦਿਲ ਕੁਨਦ।
ਗਰ ਤੁਰਾ ਬਾ ਸਾਲਕਾਂ, ਬਾਸ਼ਦ ਨਸਬ ॥੪॥

ਕੀਸਤ 'ਗੋਇਆ' ਕੋ, ਮੁਰਾਦਿ ਦਿਲ ਨ ਯਾਫ਼ਤ।
ਹਰ ਕਸੇ ਬਾ-ਨਫ਼ਸਿ ਖ਼ੁਦ, ਕਰਦਹ ਗ਼ਜ਼ਬ ॥੫॥

[ ਭਾ: ਨੰਦ ਲਾਲ ਜੀ, ਗ਼ਜ਼ਲ ੫


ਇਸ ਗ਼ਜ਼ਲ ਦਾ ਪੰਜਾਬੀ ਉਲਥਾ ਵੇਖੋ ਸਫ਼ਾ੭ ਤੇ।



ਚਿੱਠੀ ਪੱਤਰ ਤੇ ਰਕਮ ਭੇਜਣ ਲਈ :—

ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ



www.AKJ.Org

# ਧਰਮਰਾਇ ਦੀ ਦਰਗਾਹ (੬)

[ ਵਲੋਂ :—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਜਾਤ ਅਤੇ ਰੂਪ ਦਾ ਅਭਿਮਾਨ ਫ਼ਜ਼ੂਲ ਹੈ। ਜਾਤ ਰੂਪ ਕਰਕੇ ਕੋਈ ਵਡਿਆਈ ਨਹੀਂ ਪਾਉਂਦਾ, ਏਸ ਦੁਨੀਆ ਵਿਚ ਭਾਵੇਂ ਚਾਰ ਦਿਨ ਦੀ ਸੋਭਾ ਮਿਲ ਜਾਂਦੀ ਹੋਵੇ। ਇਹ ਭੀ ਜਾਂਦੀ ਬਿਲਮ ਨਹੀਂ ਲਾਉਂਦੀ। ਅਗੇ ਵਾਹਿਗੁਰੂ ਦੀ ਦਰਗਾਹ ਵਿਚ ਤਾਂ ਜਾਤ ਤੇ ਰੂਪ ਦੀ ਕੁਝ ਚਲਦੀ ਹੀ ਨਹੀਂ। ਜਿਹੇ ਕੋਈ ਕਰਮ ਏਥੇ ਕਮਾਉਂਦਾ ਹੈ, ਤੇਹੇ ਫਲ ਅਗੇ ਜਾ ਕੇ ਪਾਉਂਦਾ ਹੈ। ਜੈਸੇ ਕਰਮ ਇਥੇ ਕਮਾਉਂਦਾ ਹੈ ਤੇਹੋ ਜਿਹਾ ਅਗੇ ਜਾ ਕੇ ਹੁੰਦਾ ਹੈ।

ਪਰ ਗੁਰ-ਸ਼ਬਦ ਜਾਪ ਰੂਪੀ ਕਰਮ, ਅਰਥਾਤ ਨਾਮ ਸਿਮਰਨ ਸਭ ਕਰਮਾਂ ਤੋਂ ਉਚਾ ਸੁਚਾ ਕਰਮ ਹੈ। ਇਸ ਕਰਕੇ ਜੋ ਜਨ ਗੁਰ-ਸ਼ਬਦ ਰੂਪੀ ਜਪ ਕਰਨ ਦੀ ਉਚੀ ਸੁਚੀ ਕਮਾਈ ਕਰਦਾ ਹੈ ਸੋ ਜਨ ਅਗੇ ਜਾ ਕੇ ਭੀ ਉਚੋਂ ਉਚਾ ਹੁੰਦਾ ਹੈ। ਅਤੇ ਉਚੀ ਹੀ ਉਚੀ ਥਾਉਂ ਮਰਤਬਾ ਅਗਲੀ ਦਰਗਾਹੇ ਪਾਉਂਦਾ ਹੈ ਤੇ ਸਚ ਸਰੂਪ ਵਿਚ ਹੀ ਸਮਾ ਜਾਂਦਾ ਹੈ। ਯਥਾ ਗੁਰਵਾਕ :—

ਆਗੈ ਜਾਤਿ ਰੂਪੁ ਨ ਜਾਇ ॥ ਤੇਹਾ ਹੋਵੈ ਜੇਹੇ ਕਰਮ ਕਮਾਇ ॥ ਸਬਦੇ ਊਚੋ ਊਚਾ ਹੋਇ ॥ ਨਾਨਕ ਸਾਚਿ ਸਮਾਵੈ ਸੋਇ ॥

[ਆਸਾ ਮ: ੩, ਪੰਨਾ ੩੬੭

ਏਸ ਦੁਨੀਆ ਵਿਚ ਜਿਨ੍ਹਾਂ ਗੱਲਾਂ ਵਿਚ ਪ੍ਰਾਣੀ ਖਪ ਖਪ ਮਰਦਾ ਹੈ, ਉਹ ਸਭ ਏਥੇ ਦੀਆਂ ਏਥੇ ਹੀ ਰਹਿ ਜਾਣੀਆਂ ਹਨ। ਅਗੇ ਤਿਲ ਮਾਤਰ ਭੀ ਕੰਮ ਨਹੀਂ ਆਉਣੀਆਂ। ਰਾਜ, ਮਿਲਖ, ਜੋਬਨ, ਘਰ ਬਾਰ, ਸੋਭਾ, ਰੂਪ ਤੇ ਜੁਆਨੀ, ਬਹੁਤਾ ਧਨ, ਹਾਥੀ ਘੋੜੇ ਤੇ ਲਖਾਂ ਦੀ ਕੀਮਤ ਦੇ ਲਾਲ, ਇਹ ਸਭ ਗੁਣ ਪਦਾਰਥ ਅਗੇ ਦਰਗਾਹ ਵਿਚ ਕੰਮ ਨਹੀਂ ਆਉਂਦੇ। ਏਹਨਾਂ ਚੀਜ਼ਾਂ ਦੇ ਵਿਹਾਝਣਹਾਰੇ, ਇਹ ਸਭ ਕੁਝ ਏਥੇ ਹੀ ਛਡ ਕੇ ਚਲੇ ਜਾਂਦੇ ਹਨ। ਤਾਂ ਤੇ ਜਿਨ੍ਹਾਂ ਪਦਾਰਥਾਂ ਨੇ ਐਥੇ ਹੀ ਧਰੇ ਰਹਿਣਾ ਹੈ, ਤੇ ਨਾਲ ਨਹੀਂ ਚਲਣਾ ਉਨ੍ਹਾਂ ਵਿਚ ਖੱਚਤ ਹੋਣਾ ਤੇ ਉਨ੍ਹਾਂ ਨੂੰ ਵਿਹਾਝਣਾ ਬਿਰਥਾ ਤੇ ਅਕਾਰਥ ਹੈ। ਅਗੇ ਨਾਲ ਚਲਣ ਤੇ ਨਿਭਣ ਵਾਲ਼ੀ ਵਸਤੂ ਇਕੋ ਨਾਮ ਪਦਾਰਥ ਹੀ ਹੈ। ਇਸ ਲਈ ਇਕੋ ਨਾਮ ਪਦਾਰਥ ਤੋਂ ਬਿਨਾਂ ਹੋਰ ਮਾਇਕ ਪਦਾਰਥਾਂ ਵਿਚ ਉਕਾ ਹੀ ਚਿਤ ਨਹੀਂ ਲਾਉਣਾ ਚਾਹੀਦਾ। ਬਸ ਊਠਤ, ਬੈਠਤ, ਸੋਵਤ, ਜਾਗਤ, ਸਦਾ ਇਕੋ ਨਾਮ ਧਿਆਉਣਾ ਹੀ ਇਸ ਮਨੁਖਾ ਜੀਵਨ ਦਾ ਮੁਖ ਉਦੇਸ਼ ਹੈ। ਕਿਉਂਕਿ ਇਸੇ ਨਾਮ ਨੇ ਅਗਲੀ ਦਰਗਾਹ ਵਿਚ ਸਹਾਈ ਹੋਣਾ ਹੈ :—

ਰਾਜ ਮਿਲਕ ਜੋਬਨ ਗ੍ਰਿਹ ਸੋਭਾ ਰੂਪਵੰਤੁ ਜੋੁਆਨੀ ॥ ਬਹੁਤੁ ਦਰਬੁ ਹਸਤੀ ਅਰੁ ਘੋੜੇ ਲਾਲ ਲਾਖ ਬੈ ਆਨੀ ॥ ਆਗੈ ਦਰਗਹਿ ਕਾਮਿ ਨ ਆਵੈ ਛੋਡਿ ਚਲੈ ਅਭਿਮਾਨੀ ॥੧॥ ਕਾਹੇ ਏਕ ਬਿਨਾ ਚਿਤੁ ਲਾਈਐ ॥ ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ ॥੧॥ਰਹਾਉ॥

[ਆਸਾ ਮ: ੫, ਪੰਨਾ ੩੭੯

ਅਗਲੇ ਗੁਰ-ਪ੍ਰਮਾਣ ਵਿਚ ਨਿੰਦਕ ਦੀ ਗਤ ਦਸੀ ਗਈ ਹੈ ਕਿ ਅਗਲੀ ਦਰਗਾਹ ਵਿਚ ਨਿੰਦਕ ਦਾ ਕੀ ਹਾਲ ਹੁੰਦਾ ਹੈ। ਜੋ ਕੁਝ ਇਸ ਵਾਕ ਵਿਚ ਦਸਿਆ ਗਿਆ ਹੈ, ਇਹ ਵਰਤਾਰਾ ਸਚ ਮੁਚ ਦਰਗਾਹ ਵਿਚ ਵਰਤਦਾ ਹੈ, ਇਸ ਵਿਚ ਰਤਾ ਸੰਦੇਹ ਨਾ ਕਰੋ :—

ਜਨਮ ਜਨਮ ਕੀ ਮਲੁ ਧੋਵੈ ਪਰਾਈ ਆਪਣਾ ਕੀਤਾ ਪਾਵੈ ॥ ਈਹਾ ਸੁਖੁ ਨਾਹੀ ਦਰਗਹ ਢੋਈ ਜਮਪੁਰਿ ਜਾਇ ਪਚਾਵੈ ॥੧॥ ਨਿੰਦਕਿ ਅਹਿਲਾ ਜਨਮੁ ਗਵਾਇਆ ॥ ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ ॥੧॥ਰਹਾਉ॥ ਕਿਰਤੁ ਪਇਆ ਨਿੰਦਕ ਬਪੁਰੇ ਕਾ ਕਿਆ ਓਹੁ ਕਰੈ ਬਿਚਾਰਾ ॥ ਤਹਾ ਬਿਗੂਤਾ ਜਹਿ ਕੋਇ ਨ ਰਾਖੈ ਓਹੁ ਕਿਸੁ ਪਹਿ ਕਰੇ ਪੁਕਾਰਾ ॥੨॥

[ਆਸਾ ਮ: ੫, ਪੰਨਾ ੩੮੦

ਇਸ ਗੁਰਵਾਕ ਦਾ ਮੋਟਾ ਭਾਵ ਇਹ ਹੈ ਕਿ



www.AKJ.Org

ਨਿੰਦਾ ਕਰ ਕੇ ਨਿੰਦਕ ਪਰਾਈ ਮੈਲ ਹੀ ਧੋਂਦਾ ਹੈ। ਜਿਸ ਦੀ ਨਿੰਦਾ ਕਰਦਾ ਹੈ, ਉਸ ਦੀ ਜਨਮ ਜਨਮ ਦੀ ਮੈਲ ਧੋਂਦਾ ਹੈ, ਪਰ ਕਿਸੇ ਦਾ ਕੁਝ ਵਿਗਾੜ ਨਹੀਂ ਸਕਦਾ। ਸਗੋਂ ਆਪਣਾ ਕੀਤਾ ਆਪ ਪਾਉਂਦਾ ਹੈ। ਉਸ ਨੂੰ ਨ ਇਸ ਲੋਕ ਵਿਚ ਸੁਖ ਮਿਲਦਾ ਹੈ ਨਾ ਅਗਲੀ ਦਰਗਾਹ ਢੋਈ ਪ੍ਰਾਪਤ ਹੁੰਦੀ ਹੈ। ਸਿੱਧਾ ਜਮਪੁਰੀ ਜਾ ਸਿਧਾਉਂਦਾ ਹੈ। ਉਸ ਨੇ ਮਨੁੱਖਾ ਜਨਮ ਐਵੇਂ ਹੀ ਗਵਾ ਲਿਆ। ਉਹ ਕਿਸੇ ਤਰ੍ਹਾਂ ਵੀ ਉਚ ਅਵਸਥਾ ਵਾਲੀ ਸਦਗਤੀ ਨੂੰ ਪ੍ਰਾਪਤ ਨਹੀਂ ਹੋ ਸਕਦਾ। ਜਿਸ ਦੀ ਨਿੰਦਾ ਕਰਦਾ ਹੈ, ਉਸ ਦੀ ਬਰਾਬਰੀ ਨਹੀਂ ਕਰ ਸਕਦਾ। ਅਗਲੀ ਦਰਗਾਹ ਉਸ ਨੂੰ ਕੋਈ ਥਾਂ ਨਹੀਂ ਮਿਲਦੀ। ਆਪਣੀ ਕਰਨੀ ਦਾ ਫਲ ਪਾਉਂਦਾ ਹੈ। ਇਹੋ ਉਸ ਦੇ ਕਰਮਾਂ ਵਿਚ ਲਿਖਿਆ ਹੋਇਆ ਹੁੰਦਾ ਹੈ, ਸੋ ਉਹ ਭੁਗਤਦਾ ਹੈ,ਉਸ ਵਿਚਾਰੇ ਦੇ ਕੀ ਵੱਸ ਹੈ,ਭੁਗਤਾਉਣਹਾਰਾ ਭੁਗਤਾਉਂਦਾ ਹੈ। ਆਪਣੇ ਕਰਮਾਂ ਕਰਕੇ ਐਸੇ ਦੁਖਾਵੇਂ ਥਾਵੀਂ ਖੁਆਰ ਹੁੰਦਾ ਹੈ, ਜਿਥੇ ਉਸ ਦੀ ਕੋਈ ਰਖਿਆ ਨਹੀਂ ਕਰ ਸਕਦਾ। ਪਇਆ ਕੂਕ ਪੁਕਾਰ ਕਰਦਾ ਹੈ, ਪਰ ਉਸ ਦੀ ਕੋਈ ਨਹੀਂ ਸੁਣਦਾ। ਇਹ ਭਿਆਨਕ ਨਜ਼ਾਰਾ ਅਗੇ ਦਾ ਯਥਾਰਥੀ ਵਰਤਣ ਵਾਲਾ ਹਾਲ ਦਸਿਆ ਹੈ, ਨਿਰਾ ਰੋਚਕ ਬਿਆਨੀ ਕਥਨੀ ਮਾਤਰੀ ਡੂਮ ਡਰਾਵਾ ਹੀ ਨਹੀਂ। ਇਹ ਕੁਝ ਨਿੰਦਕ ਨਾਲ ਅਗਲੀ ਦਰਗਾਹ ਪਰਤਖ ਵਰਤ ਕੇ ਰਹਿੰਦਾ ਹੈ। ਤੇ ਇਸ ਤੋਂ ਬਚਣ ਦਾ ਕੋਈ ਚਾਰਾ ਨਹੀਂ, ਤਾਂ ਤੇ ਅਗਲੀ ਦਰਗਾਹੇ ਕਰਮਾਂ ਦੇ ਫਲ ਮਿਲਣ ਸਬੰਧੀ ਅਵੇਸਲੇ ਨਹੀਂ ਰਹਿਣਾ ਚਾਹੀਦਾ। ਇਹ ਖਿਆਲ ਕਰਨਾ ਕਿ ਨਾ ਅੱਗਾ ਹੈ ਤੇ ਨਾ ਹੀ ਅੱਗੇ ਜਾ ਕੇ ਕਰਮਾਂ ਦਾ ਫਲ ਮਿਲਣਾ ਹੈ, ਨਿਰਾ ਨਿਘਾਸ ਵਾਲਾ ਅਹਿਸਾਸ ਹੀ ਹੈ। ਇਸ ਉਪਰਲੇ ਗੁਰਵਾਕ ਦੁਆਰਾ ਨਿੰਦਕ ਨੂੰ ਜਮਪੁਰੀ ਦਾ ਵਾਸ ਮਿਲਣਾ ਸਿਧ ਹੈ। ਜਮਪੁਰੀ ਭੀ ਅਣ-ਦਿਸਦੀ ਦੁਨੀਆ ਵਿਚ ਇਕ ਵਖਰਾ ਮੰਡਲ ਹੈ, ਜਿਸ ਵਿਚਦੀ ਬੁਰੇ ਕੰਮਾਂ ਵਾਲਿਆਂ ਨੂੰ ਲੰਘਣਾ ਤੇ ਜਮਾਂ ਵੱਲੋਂ ਸਜ਼ਾਵਾਂ ਤੇ ਦੁਖ ਸਹਿਣੇ ਪੈਂਦੇ ਹਨ। ਜਮਪੁਰੀ ਦਾ ਨਿਰਣਾ ਅਗੇ ਵਖਰੇ ਕਾਂਡ ਵਿਚ ਆਵੇਗਾ।

ਜਿਹੜਾ ਬਗਲਾ ਭਗਤ ਬਾਹਰੋਂ ਤਾਂ ਸਫ਼ਾਈਆਂ ਕਰਦਾ ਹੈ ਤੇ ਅੰਦਰੋਂ ਪਾਪਾਂ ਨਾਲ ਭਰਿਆ ਹੋਇਆ ਮਲੀਨ-ਚਿਤ ਹੈ, ਉਹ ਲੋਕਾਂ ਭਾਣੇ ਤਾਂ ਚੰਗਾ ਬਣ ਬਣ ਬਹਿੰਦਾ ਹੈ, ਪਰ ਉਸ ਦੀ ਠੱਗੀ ਤੇ ਪਖੰਡ ਦਾ ਫਲ ਅਵੱਸ਼ ਉਸ ਨੂੰ ਮਿਲ ਕੇ ਰਹਿੰਦਾ ਹੈ। ਉਹ ਆਪਣਾ ਲੋਕ ਪਰਲੋਕ ਵਿਗਾੜ ਲੈਂਦਾ ਹੈ ਤੇ ਦੋਇ ਠਉਰ ਆਪਣੇ ਖੋਹ ਬੈਠਦਾ ਹੈ। ਇਸ ਲੋਕ ਵਿਚ ਉਹ ਕਾਮ ਕ੍ਰੋਧ ਨਾਲ ਅਟਿਆ ਹੋਇਆ ਭੁਲਦਾ ਫਿਰਦਾ ਹੈ, ਪਰ ਅਗੇ ਜਾ ਕੇ ਮੁਸ ਮੁਸ ਰੋਂਦਾ ਹੈ, ਏਥੇ ਭੀ ਕਾਮ ਕ੍ਰੋਧ ਦੀ ਅਗਨੀ ਵਿਚ ਜਲਦਾ ਸੜਦਾ ਭੁਜਦਾ ਹੀ ਰਹਿੰਦਾ ਹੈ। ਯਥਾ ਗੁਰਵਾਕ :—

> ਬਾਹਰੁ ਧੋਇ ਅੰਤਰੁ ਮਨੁ ਮੈਲਾ ਦੁਇ ਠਉਰ
> ਅਪੁਨੇ ਖੋਏ ॥ ਈਹਾ ਕਾਮਿ ਕ੍ਰੋਧਿ ਮੋਹਿ
> ਵਿਆਪਿਆ ਆਗੈ ਮੁਸਿ ਮੁਸਿ ਰੋਇ ॥੧॥
>
> [ਆਸਾ ਮ: ੫, ਪੰਨਾ ੩੮੧

ਜੋ ਸਚ ਮੁਚ ਵਾਹਿਗੁਰੂ ਦੀ ਸ਼ਰਨ ਪ੍ਰਾਪਤ ਕਰਨ ਲਈ ਪਾਖੰਡ ਰਹਿਤ ਗੁਰਮਤਿ ਕਰਮ ਸਚੇ ਸੁਚੇ ਦਿਲੋਂ ਕਮਾਉਂਦੇ ਹਨ ਤੇ ਨਾਮ ਧਿਆਉਂਦੇ ਹਨ ਉਹ ਦਰ-ਹਕੀਕਤ ਪ੍ਰਭ-ਸ਼ਰਨਾਗਤ ਨੂੰ ਜਾ ਪ੍ਰਾਪਤ ਹੁੰਦੇ ਹਨ। ਉਹਨਾਂ ਨੂੰ ਇਸ ਦੁਨੀਆ ਵਿਚ ਸਚਾ ਸੁਖ ਮਿਲਦਾ ਹੈ, ਤੇ ਅੱਗੇ ਜਾ ਕੇ ਉਹ ਸਦਗਤੀ ਨੂੰ ਪ੍ਰਾਪਤ ਹੁੰਦੇ ਹਨ। ਯਥਾ ਗੁਰਵਾਕ :—

> ਕਹੁ ਨਾਨਕ ਜੋ ਪ੍ਰਭ ਸਰਣਾਈ ॥
> ਈਹਾ ਸੁਖੁ ਆਗੈ ਗਤਿ ਪਾਈ ॥
>
> [ਆਸਾ ਮਹਲਾ ੫, ਪੰਨਾ ੩੮੮

ਅਬੇ ਤਬੇ ਗੁਰੂ ਦੀ ਸੇਵਾ ਚਾਕਰੀ ਧੁਰ ਹਰਿ ਦਰਗਾਹ ਪ੍ਰਾਪਤੀ ਲਈ ਕਿਸੇ ਕੰਮ ਨਹੀਂ ਆ ਸਕਦੀ, ਸਗੋਂ ਅਧਵਾਟੇ ਹੀ ਡੋਬ ਦਿੰਦੀ ਹੈ। ਜਿਵੇਂ ਪੱਥਰ ਦੀ ਬੇੜੀ ਆਪ ਭੀ ਡੁਬ ਜਾਂਦੀ ਹੈ ਤੇ ਉਸ ਵਿਚ ਚੜ੍ਹਿਆਂ ਹੋਇਆਂ ਪੰਧਾਊਆਂ ਨੂੰ ਭੀ ਉਹ ਨਾਲ ਹੀ ਲੈ ਡੁੱਬਦੀ ਹੈ। ਅਜ ਕਲ੍ਹ ਦੇ ਆਪੇ ਬਣ ਬੈਠੇ ਪਖੰਡੀ ਗੁਰੂਆਂ ਦਾ ਸਣੇ ਚੇਲਿਆਂ ਦੇ ਏਹੋ ਹਾਲ ਹੋਸੀ। ਸਚਾ ਸਤਿਗੁਰੂ, ਧੁਰ ਕੀ ਗੁਰਤਤਾ ਵਾਲਾ


www.AKJ.Org

ਮੋਹਰ ਛਾਪ ਟਕਸਾਲ ਵਾਲਾ ਗੁਰੂ ਨਾਨਕ ਦੇਵ ਹੀ ਸਿਖਾਂ ਸੇਵਕਾਂ ਨੂੰ ਭਵ-ਸਾਗਰੋਂ ਪਾਰ ਕਰਨ ਨੂੰ ਸਮਰਥ ਹੈ। ਆਪ ਧੁਰੋਂ ਹੀ ਤਰੇ ਤਰਾਏ ਆਏ ਹਨ ਤੇ ਭਵ ਤਾਰਨ ਲਈ ਜਗਤ-ਗੁਰੂ ਸਦਾਏ ਹਨ। ਸਚੀ ਗੁਰਿਆਈ ਗੁਰੂ ਘਰ, ਗੁਰੂ ਨਾਨਕ ਦੇ ਘਰ ਦੀ ਹੀ ਇਕੋ ਇਕ ਟਕਸਾਲ ਹੈ, ਜਿਥੋਂ ਜਗਿਆਸੂ ਜਨ ਵਰੋਸਾਉਂਦੇ ਤੇ ਸਦਾ ਨਿਸਤਾਰਾ ਪਾਉਂਦੇ ਹਨ। ਸਚੇ ਗੁਰੂ ਦੀ ਟਕਸਾਲ 'ਤੇ ਸਚੇ ਜਗਿਆਸੂ ਹੀ ਪਰਖੇ ਜਾਦੇ ਹਨ। ਪਰਖ ਕੇ ਖਜ਼ਾਨੇ ਪਾਏ ਜਾਂਦੇ ਹਨ। ਏਥੇ ਜਗਿਆਸੂ ਜਨਾਂ ਨੂੰ ਆਪਣਾ ਮਨ ਪਹਿਲਾਂ ਵੇਚਣਾ ਪੈਂਦਾ ਹੈ। ਪੋਚ-ਪਰਚਾਵਾ ਦਿਖਾਉਣ ਵਾਲਿਆਂ ਦਾ ਏਥੇ ਕੁਝ ਵਸ ਨਹੀਂ ਚਲਦਾ। ਪੋਚ-ਪਰਚਾਵੇ 'ਤੇ ਪੋਚ-ਕਪੋਚੀਏ ਖਖੰਡੀ ਗੁਰੂ ਹੀ ਰੀਝਦੇ ਹਨ। ਘਟ ਘਟ ਦਾ ਅੰਤਰਜਾਮੀ ਸਤਿਗੁਰੂ ਸਚਾ ਪਾਤਸ਼ਾਹ ਭਲੀ ਬਿਧ ਪਰਖ ਲੈਂਦਾ ਹੈ। ਜਿਨ੍ਹਾਂ ਨੇ ਆਪਣਾ ਮਨ ਸਤਿਗੁਰੂ ਪਾਸ ਵੇਚਿਆ ਹੁੰਦਾ ਹੈ ਤਿਨ੍ਹਾਂ ਦੇ ਹੀ ਸਤਿਗੁਰੂ ਕਾਰਜ ਕਰ ਸਕਦਾ ਹੈ ਅਤੇ ਉਨ੍ਹਾਂ ਦੀ ਪਰਮਾਰਥੀ ਜਗਿਆਸਾ ਨੂੰ ਥਾਉਂ ਪਾਉਂਦਾ ਹੈ। ਸੋ ਗੁਰੂ ਕਾ ਸਿੱਖ ਬਣਨ ਲਈ ਪਹਿਲਾਂ ਅਪਣਾ ਮਨ ਵੇਚਣਾ ਪੈਂਦਾ ਹੈ ਤੇ ਨਾਲ ਹੀ ਸੀਸ ਅਰਪਣ ਕਰਨਾ ਪੈਂਦਾ ਹੈ। ਇਸ ਤਰ੍ਹਾਂ ਜਗਿਆਸੂ ਜਨ ਗੁਰ-ਦੀਖਿਆ ਦੇ ਪਾਤਰ ਬਣਕੇ ਗੁਰਮੁਖ ਵਸਤ ਨੂੰ ਪਛਾਣ ਕੇ ਦਰ-ਦਰਗਾਹੀ ਨਿਜ-ਘਰ ਭਾਲ ਲੈਂਦੇ ਹਨ; ਜਿਹਾ ਕਿ ਇਸ ਗੁਰਵਾਕ ਦਾ ਭਾਵ ਹੈ :—

ਅਬੇ ਤਬੇ ਕੀ ਚਾਕਰੀ ਕਿਉ ਦਰਗਹ ਪਾਵੈ ॥
ਪਥਰ ਕੀ ਬੇੜੀ ਜੇ ਚੜੈ ਭਰ ਨਾਲਿ ਬੁਡਾਵੈ ॥੪॥
ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ ॥

[ਆਸਾ ਮ: ੧, ਪੰਨਾ ੪੨੦

ਸਚੀ ਗੁਰ-ਚਾਕਰੀ ਵਾਲੀ ਸੇਵਾ ਸੋਈ ਗੁਰਮੁਖ ਜਨ ਕਰਦੇ ਹਨ ਅਤੇ ਕਰ ਕੇ ਤੋੜ ਨਿਭਾਉਂਦੇ ਹਨ ਜਿਨ੍ਹਾਂ ਤੋਂ ਨਦਰਾਲੂ ਕ੍ਰਿਪਾਲੂ ਪਿਤਾ ਕਰਾਉਂਦਾ ਨਿਭਾਉਂਦਾ ਹੈ। ਬਸ ਹਰਿ ਦਰਗਹਿ ਸੀਝਣ ਲਈ ਸਿਰ ਦੇ ਕੇ ਹੀ ਛੁਟਕਾਰਾ ਹੁੰਦਾ ਹੈ। ਯਥਾ ਗੁਰਵਾਕ :—

ਗੁਰ ਕੀ ਸੇਵਾ ਸੋ ਕਰੇ ਜਿਸੁ ਆਪਿ ਕਰਾਏ ॥
ਨਾਨਕ ਸਿਰੁ ਦੇ ਛੂਟੀਐ ਦਰਗਹ ਪਤਿ ਪਾਏ ॥

[ਆਸਾ ਮ: ੧, ਪੰਨਾ ੪੨੧

ਗੁਰੂ ਕੇ ਸਿਖ ਗ੍ਰਿਹਸਤ ਵਿਚ ਰਹਿ ਕੇ ਹੀ ਗੁਰਮਤਿ-ਨਾਮ-ਅਭਿਆਸ-ਕਮਾਈ ਵਾਲੀ ਸੇਵਾ ਧਾਰਨਾ ਕਰਦੇ ਹਨ। ਇਹ ਸਚੀ ਗੁਰਮਤਿ ਦੀ ਜਾਗ ਵਿਰਲੇ ਗ੍ਰਿਹਸਤ-ਉਦਾਸ ਸੇਵਕਾਂ ਸਾਧਕਾਂ ਨੂੰ ਹੀ ਲਗਦੀ ਹੈ। ਜਿਨ੍ਹਾਂ ਨੂੰ ਇਹ ਜਾਗ ਲਗੀ ਹੈ ਉਹ ਗੁਰਮੁਖ ਸਦ ਸਦਾ ਹੀ ਦ੍ਰਿੜ੍ਹ ਕਰਕੇ ਨਾਮ ਦਾਨ ਇਸ਼ਨਾਨ ਸਤਿਸੰਗ ਦੀ ਗੁਰਮਤਿ ਰਹਿਤ ਰਹਿਣੀ ਨੂੰ ਸਾਵਧਾਨ ਤੇ ਸੁਜਾਗ ਹੋ ਕੇ ਕਮਾਉਂਦੇ ਹਨ। ਕੇਵਲ ਇਸ ਬਿਧ ਹੀ ਸਚੀ ਭਗਤੀ ਪ੍ਰਾਪਤ ਹੋ ਸਕਦੀ ਹੈ। ਨਾਮ, ਦਾਨ, ਇਸ਼ਨਾਨ ਦ੍ਰਿੜ੍ਹ ਕਰਨਹਾਰਿਆਂ ਦੀ ਹੀ ਸਚੀ ਸੁਜਾਗ ਭਗਤੀ ਪਰਵਾਨ ਪੈਂਦੀ ਹੈ। ਅਜਿਹੇ ਗੁਰੂ ਦੇ ਦਰ ਪਰਵਾਨ ਪਏ ਅਨਿੰਨ ਗੁਰਸਿਖ ਹੀ ਗੁਰੂ ਦੀ ਕਿਰਪਾ ਨਾਲ ਦਰਗਾਹੀ ਘਰ ਨੂੰ ਪਛਾਣਦੇ ਹਨ। ਸੋ ਸਚੀ ਦਰਗਾਹ ਜਾ ਕੇ ਉਹ ਸਿਆਣੇ ਜਾਂਦੇ ਹਨ। ਧੁਰ ਪੁਗ ਕੇ ਭੀ, ਦਰਗਾਹੇ ਪਹੁੰਚ ਕੇ ਭੀ, ਉਹ ਨਾਮ-ਭਗਤੀ ਨੂੰ ਨਹੀਂ ਵਿਸਾਰਦੇ। ਐਸੇ ਹੀ ਸਚਿਆਰ ਸਿਖ ਸਚੇ ਕਰਤਾਰ ਨੂੰ ਭਾਉਂਦੇ ਹਨ। ਯਥਾ ਗੁਰਵਾਕ :—

ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ
ਲਾਗੇ ॥ ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ
ਭਗਤਿ ਸੁਜਾਗੇ ॥੭॥ ਗੁਰ ਤੇ ਦਰੁ ਘਰੁ
ਜਾਣੀਐ ਸੋ ਜਾਇ ਸਿਞਾਣੈ ॥ ਨਾਨਕ ਨਾਮੁ
ਨ ਵੀਸਰੈ ਸਾਚੈ ਮਨਿ ਮਾਨੈ ॥੮॥

[ਆਸਾ ਮ: ੧, ਪੰਨਾ ੪੧੯

ਸਚੇ ਗੁਰੂ ਤੇ ਜਿਨ੍ਹਾਂ ਦਾ ਮਨ ਮੰਨਿਆ ਹੈ, ਸੋਈ ਨਾਮ ਨੂੰ ਨਹੀਂ ਵਿਸਾਰਦੇ। ਸਚੇ ਦਰ ਤੇ ਸਚੇ ਸਿਖ ਹੀ ਦਰ-ਦਰਵਾਨ ਹੋ ਕੇ ਪਰਵਾਨ ਪੈਂਦੇ ਹਨ। ਦਰ-ਢੱਠੇ ਸੇਵਕਾਂ ਦੇ ਦਿਲੀ ਦਰਦ ਨੂੰ ਅੰਤਰਜਾਮੀ ਵਾਹਿਗੁਰੂ ਹੀ ਜਾਣਦਾ ਪਛਾਣਦਾ ਹੈ। ਸਚੀ ਭਗਤੀ ਦੁਆਰਾ ਹੀ ਦਰਦ ਫ਼ਿਰਾਕ ਦੂਰ ਹੁੰਦਾ ਹੈ। ਜਦੋਂ ਦੂਰ ਹੁੰਦਾ ਹੈ ਉਦੋਂ ਹੀ ਸਚੀ ਭਗਤੀ ਦੀ ਕਦਰ ਪੈਂਦੀ ਹੈ।



www.AKJ.Org

ਇਹ ਭਗਤੀ ਬਿਸਮਾਦੀ ਭਗਤੀ, ਅਰਥਾਤ ਹੈਰਾਨ ਕਰਨ ਵਾਲੀ ਭਗਤੀ ਹੈ, ਜੋ ਅਕਾਲ ਪੁਰਖ ਦੀ ਹਜ਼ੂਰੀ ਵਿਚ ਦਰਗਾਹ ਪੁਗ ਕੇ ਭੀ ਹੁੰਦੀ ਰਹਿੰਦੀ ਹੈ। ਗੁਰੂ-ਘਰ ਦੇ ਸਚੇ ਗੁਰਮੁਖਾਂ ਨੂੰ ਹੀ ਇਹ ਬਿਧ ਪ੍ਰਾਪਤ ਹੁੰਦੀ ਹੈ। ਸਚ ਵੇਲੇ ਦੀ, ਵੇਲਾ ਸਮਝਣ ਦੀ, ਸ਼ਬਦ ਸਾਲਾਹੁਣ ਦੀ ਸਚੀ ਪਛਾਣ ਗੁਰਮੁਖਾਂ ਨੂੰ ਹੀ ਆਈ ਹੈ, ਹੋਰ ਕਿਸੇ ਨੂੰ ਨਹੀਂ—

ਦਰਿ ਸੇਵਕੁ ਦਰਵਾਨੁ ਦਰਦੁ ਤੂੰ ਜਾਣਹੀ ।
ਭਗਤਿ ਤੇਰੀ ਹੈਰਾਨੁ ਦਰਦੁ ਗਵਾਵਹੀ ॥੩॥
ਦਰਗਹਿ ਨਾਮੁ ਹਦੂਰਿ ਗੁਰਮੁਖਿ ਜਾਣਸੀ ॥
ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ ॥੪॥
[ਆਸਾ ਮ: ੧, ਪੰਨਾ ੪੨੨

ਉਹੀ ਵੇਲਾ ਸਚ ਪਰਵਾਣ ਹੈ, ਜਦੋਂ ਸਬਦਿ ਨਾਲ ਸੰਜੋਗ ਜੁੜਿਆਂ ਨਾਮ ਰੂਪੀ ਸਚ ਨਾਲ ਰਤੇ ਹੋਏ ਗੁਰਮੁਖ ਜਨ ਦੀ ਸਦਾ ਹੀ ਸਚੀ ਅਤੇ ਨਿਰਮਲੀ ਸੋਭਾ ਹੁੰਦੀ ਹੈ। ਜੀਉਂਦੇ ਜੀ, ਏਸ ਦੁਨੀਆ ਵਿਚ ਉਹ ਘਰ ਘਰ ਅੰਦਰ ਉਘੇ ਹੋ ਜਾਂਦੇ ਹਨ ਤੇ ਅਗਲੀ ਦਰਗਾਹ ਵਿਚ ਜੁਗਾਂ ਪ੍ਰਯੰਤ ਪ੍ਰਗਟ-ਪਹਾਰੇ ਪੁੱਗੇ ਹੋਏ ਜਾਪਦੇ ਹਨ; ਜਿਹਾ ਕਿ ਗੁਰਵਾਕ ਹੈ :—

ਸਚੇ ਰਤੇ ਸੇ ਨਿਰਮਲੇ ਸਦਾ ਸਚੀ ਸੋਇ ॥
ਐਥੈ ਘਰਿ ਘਰਿ ਜਾਪਦੇ ਆਗੈ ਜੁਗਿ ਜੁਗਿ
ਪਰਗਟੁ ਹੋਇ ॥੧॥ [ਆਸਾ ਮਹਲਾ ੩, ਪੰਨਾ ੪੨੬

ਨਾਮ ਰੂਪੀ ਖੇਤੀ ਜਿਨ੍ਹਾਂ ਨੇ ਵਾਹੀ ਬੀਜੀ ਅਤੇ ਕਮਾਈ ਹੈ, ਉਹਨਾਂ ਨੂੰ ਐਸਾ ਬੋਹਲ ਹੱਥ ਆ ਗਿਆ ਹੈ ਜੋ ਐਥੇ ਉਥੇ ਨਿਖੁਟਦਾ ਨਹੀਂ। ਉਹਨਾਂ ਦੇ ਸ਼ਾਂਤ ਸਹਿਜ ਸੁਖ ਦੀ ਹੱਟੀ ਸਦਾ ਖੁਲ੍ਹੀ ਰਹਿੰਦੀ ਹੈ। ਤੇ ਸਦਾ ਵਣਜ ਵਪਾਰ ਹੁੰਦਾ ਰਹਿੰਦਾ ਹੈ। ਅਗਲੇ ਲੋਕ ਵਿਚ ਨਾਮ ਦੇ ਸ਼ਾਹ ਸਤਿਗੁਰੂ ਤੇ ਵਪਾਰੀ ਸਿਖ ਇਕੋ ਹੀ ਥਾਟ-ਮੰਡਲ ਵਿਚ ਵਸਣਹਾਰੇ ਹੋ ਜਾਂਦੇ ਹਨ।

ਨਾਮ ਦੇ ਵਣਜਾਰਿਆ ਨੂੰ ਅਗੇ ਜਾ ਕੇ ਨਾ ਕੋਈ ਡੰਨ ਭਰਨਾ ਹੁੰਦਾ ਹੈ, ਨਾ ਜਗਾਤ ਦੇਣੀ ਪੈਂਦੀ ਹੈ। ਸਤਿਗੁਰੂ ਨੇ ਧੁਰ ਦੀ ਛਾਪ ਮੋਹਰ ਤਿਨ੍ਹਾਂ 'ਤੇ ਲਾ ਦਿਤੀ ਹੁੰਦੀ ਹੈ, ਜਿਸ ਨੂੰ ਵੇਖ ਕੇ ਜਮ-ਜਾਗਾਤੀ ਤਿਨ੍ਹਾਂ ਦੇ ਨੇੜੇ ਨਹੀਂ ਆਉਂਦੇ। ਨਾਮ ਦਾ ਵਖਰ ਲੱਦ ਕੇ ਖੇਪ ਚਲਾਉਣਹਾਰੇ ਗੁਰ-ਜਨ ਸਚਾ ਲਾਹਾ ਲੈ ਕੇ, ਨਿਜ ਘਰ ਆਪਣੇ ਅਗਲੇ ਗੁਰ-ਦਰਗਾਹੀ ਘਰ ਵਿਚ ਉਜਲ ਮੁਖ ਹੋ ਕੇ ਜਾਂਦੇ ਹਨ। ਇਸ ਗੁਰ-ਪੁਰੀ ਦੇ ਅਬਚਲ ਨਗਰ ਮਈ ਘਰ ਵਿਖੇ ਸੋ ਜਨ ਸਦਾ ਸਦਾ ਲਈ ਵਸਦੇ ਰਸਦੇ ਹਨ ਜਿਨ੍ਹਾਂ ਨੇ ਮਨੁੱਖਾ ਜਨਮ ਧਾਰ ਕੇ ਗੁਰ-ਦੀਖਿਆ ਲੈ, ਗੁਰ-ਸ਼ਬਦ ਦੀ ਅਤੁਟ ਕਮਾਈ ਸਾਰੀ ਉਮਰ ਕੀਤੀ ਹੈ। ਇਥੇ ਇਨ੍ਹਾਂ ਲੋਕਾਂ ਦੀ ਕਮਾਈ ਦਾ ਅਗਲੇ ਲੋਕ ਵਿਚ ਇਹ ਫਲ ਮਿਲਦਾ ਹੈ ਕਿ ਉਨ੍ਹਾਂ ਦਾ ਸਦ ਸਦਾ ਲਈ ਇਸ ਉਪਰ ਦਸੇ ਘਰ ਵਿਚ ਵਾਸਾ ਹੋ ਜਾਂਦਾ ਹੈ। ਜੋ ਘਰ ਗੁਰੂ ਨਾਨਕ ਦੇਵ ਜੀ ਦੀ ਵਸਾਈ ਹੋਈ ਅਬਚਲ ਨਗਰੀ ਅਰਥਾਤ ਗੁਰਪੁਰੀ ਵਿਚ ਸਦੀਵ ਵਸਿਆ ਰਸਿਆ ਹੋਇਆ ਹੈ। ਯਥਾ ਗੁਰਵਾਕ :—

ਨਾਮੁ ਖੇਤੀ ਬੀਜਹੁ ਭਾਈ ਮੀਤ ॥ ਸਉਦਾ
ਕਰਹੁ ਗੁਰੁ ਸੇਵਹੁ ਨੀਤ ॥੩॥ ਸਾਂਤਿ ਸਹਜ
ਸੁਖੁ ਕੇ ਸਭਿ ਹਾਟ ॥ ਸਾਹ ਵਪਾਰੀ ਏਕੈ
ਥਾਟ ॥੪॥ ਜੇਜੀਆ ਡੰਨੁ ਕੋ ਲਏ ਨ
ਜਗਾਤਿ ॥ ਸਤਿਗੁਰ ਕਰਿ ਦੀਨੀ ਧੁਰ ਕੀ
ਛਾਪ ॥੫॥ ਵਖਰੁ ਨਾਮੁ ਲਦਿ ਖੇਪ
ਚਲਾਵਹੁ ॥੬॥ ਲੈ ਲਾਹਾ ਗੁਰਮੁਖਿ ਘਰਿ
ਆਵਹੁ ॥੬॥ .. . ਸੋ ਵਸੈ ਇਤੁ ਘਰਿ
ਜਿਸੁ ਗੁਰੁ ਪੂਰਾ ਸੇਵ ॥ ਅਬਿਚਲ ਨਗਰੀ
ਨਾਨਕ ਦੇਵ ॥੮॥ [ਆਸਾ ਮਹਲਾ ੫, ਪੰਨਾ ੪੩੦

ਜਿਨ੍ਹਾਂ ਨੇ ਹੁਕਮਾ ਸਿਰ ਸੱਚਾ ਹੁਕਮ ਨਾਮ ਮੰਨਿਆ, ਅਭਿਆਸ ਕਮਾਈ ਕਰ ਕੇ ਕਮਾਇਆ, ਤੋੜ ਨਿਭਾਇਆ ਹੈ, ਉਹ ਪਰਵਾਨ ਪਏ ਹਨ। ਇਸ ਬਿਧ ਪਰਵਾਨ ਪੈ ਕੇ ਹੀ ਸਚੇ ਵਾਹਿਗੁਰੂ ਰੂਪੀ ਖਸਮ ਦੇ ਮਹਲ ਨੂੰ ਜਾ ਪਰਾਪਤ ਹੋਂਦੇ ਹਨ। ਯਥਾ ਗੁਰਵਾਕ :—

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ
ਕਾ ਮਹਲੁ ਪਾਇਸੀ ॥ ਖਸਮੈ ਭਾਵੈ ਸੋ ਕਰੇ
ਮਨਹੁ ਚਿੰਦਿਆ ਸੋ ਫਲੁ ਪਾਇਸੀ ॥
[ਆਸਾ ਦੀ ਵਾਰ, ਪੰਨਾ ੪੭੧


www.AKJ.Org

ਹੋਇਆ ਨ ਸਚਾ ਮਹਿਲ ਖਸਮ ਦਾ ! ਇਸ ਗੁਰ ਦਰਸਾਈ ਖਸਮ ਮਹਲੀ ਹੋਂਦ ਤੋਂ ਕੌਣ ਮੁਨਕਰ ਹੋ ਸਕਦਾ ਹੈ। ਰਹੀ ਗੱਲ ਇਹ ਕਿ ਉਹ ਮਹਿਲ ਕੈਸਾ ਹੈ ? ਸੋ ਦੇਖਾ ਹੀ ਪਰਵਾਣ ਹੈ। ਮਹਿਲ ਦਾ ਮਹਿਲੀਂ ਪਹੁੰਚਿਆਂ ਹੀ ਪਤਾ ਲਗਦਾ ਹੈ ਕਿ ਉਹ ਮਹਿਲ ਕੈਸਾ ਹੈ। ਇਹ ਉਨ੍ਹਾਂ ਨੂੰ ਨਿਸਚੇ ਕਰ ਨਿਰੂਪਣ ਹੋਇਆ ਹੈ ਜਿਨ੍ਹਾਂ ਨੇ ਇਸ ਦੁਨੀਆ ਵਿਚ ਮਾਲਕ ਦੇ ਸਚੇ ਹੁਕਮ ਤੇ ਰਜ਼ਾ ਅੰਦਰ ਚਲ ਕੇ ਸਚੀ ਕਾਰ ਕਮਾਈ ਹੈ। ਤਾਂ ਜਾ ਕੇ ਉਨ੍ਹਾ ਨੇ ਇਹ ਖਸਮ-ਮਹਿਲੀ ਪ੍ਰਗ ਖਲੋਣ ਦਾ ਸਚਾ ਫਲ-ਮਨੋਰਥ ਪਾਇਆ ਹੈ। ਅਗਲਾ ਗੁਰਵਾਕ ਦਸਦਾ ਹੈ ਕਿ ਅਗੇ ਜਾ ਕੇ ਸੋ ਕੁਝ ਮਿਲਦਾ ਹੈ ਜਿਸ ਦੇ ਖਟ ਘਾਲਣ ਦੀ ਸਚੀ ਕਮਾਈ ਇਥੇ ਕੀਤੀ ਹੋਈ ਹੁੰਦੀ ਹੈ। ਯਥਾ ਗੁਰਵਾਕ :—

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥
[ਪੰਨਾ ੪੭੨

ਇਸ ਵਾਕ ਵਿਚ ਪਤ-ਪ੍ਰਤੀਤ ਕਰਕੇ ਅੱਗਾ ਦਰਸਾਇਆ ਗਿਆ ਹੈ। ਜੇ ਅਜੇ ਵੀ ਪ੍ਰਤੀਤ ਨ ਆਵੇ ਤਾਂ ਫਿਰ ਕੀ ਇਲਾਜ ਹੈ ?

ਅਗਲੇ ਗੁਰਵਾਕ ਅੰਦਰ ਗੁਰੂ ਸਾਹਿਬ ਨਿਰਣੇ ਕਰਦੇ ਹਨ ਕਿ ਜਿਸ ਜਿਸ ਮੁਖ ਦੁਆਰਾ ਵਾਹਿਗੁਰੂ ਨਾਮ ਜਪਿਆ ਸਾਲਾਹਿਆ ਜਾਂਦਾ ਹੈ, ਸੋ ਮੁਖ ਉਸ ਸਚੇ ਦੇ ਦਰਬਾਰ ਵਿਚ ਉਜਲੇ ਹੁੰਦੇ ਹਨ, ਤਿਨ੍ਹਾਂ ਨੂੰ ਐਸੇ ਰੰਗ ਭਾਗ ਲਗੇ ਹਨ ਕਿ ਉਹ ਮੁਖ ਲਾਲੋ ਲਾਲ ਨਾਮ ਰੱਤੇ ਅਤਿ ਸੋਹਣੇ ਸੁੰਦਰ ਹੋ ਗਏ ਹਨ। ਐਸੀ ਸੁੰਦਰਤਾ ਤਿਨ੍ਹਾਂ ਮੁਖਾਂ ਤੋਂ ਝਲਕਦੀ ਹੈ ਕਿ ਉਨ੍ਹਾਂ ਦੀ ਤਾਬ-ਝਲਕ ਝਲੀ ਨਹੀਂ ਜਾਂਦੀ। ਯਥਾ ਗੁਰਵਾਕ :—

ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ
ਚਾਰ ॥ ਨਾਨਕ ਤੇ ਮੁਖ ਉਜਲੇ ਤਿਤੁ ਸਚੈ
ਦਰਬਾਰਿ ॥ [ਪੰਨਾ ੪੭੩

ਹੋ ਗਿਆ ਨ ਸਿਧ ਸਚੇ ਦਾ ਦਰਬਾਰ, ਜੋ ਅਗੇ ਪਰਲੋਕ ਵਿਚ ਸੁਭਾਇਮਾਨ ਹੈ। ਪਰ ਤਿਸ ਦਰਬਾਰ ਦੀ ਸੋਭਾ ਸੋਈ ਜਾਣ ਸਕਦੇ ਹਨ ਜਿਨ੍ਹਾਂ ਨੇ ਦਰਸਾਰ ਝਲਕਾਰ ਇਸ ਦਰਬਾਰ ਦਾ ਪੇਖਿਆ ਹੈ। ਉਹ ਜਾਣਦੇ ਹਨ ਪਰ ਜਣਾਇ ਨਹੀਂ ਸਕਦੇ, ਨਾ ਹੀ ਦੱਸਣ-ਦਸਾਣ ਜਣਾਉਣ-ਲਖਾਉਣ ਦਾ ਉਨ੍ਹਾਂ ਨੂੰ ਹੁਕਮ ਹੈ।

ਗੁਰਸਿਖਾਂ ਪ੍ਰਤਿ ਸਪੱਸ਼ਟ ਉਪਦੇਸ਼ ਹੈ ਕਿ ਸੰਸਾਰ ਵਿਚ ਰਹਿ ਕੇ ਐਸੀ ਰਹਿਣੀ ਮਈ ਖੇਡ ਨ ਖੇਡੀਏ ਜਿਸ ਕਰਕੇ ਅਗੇ ਦਰਗਾਹ ਵਿਚ ਜਾ ਕੇ ਹਾਰ ਆਵੇ। ਯਥਾ ਗੁਰਵਾਕ :—

ਐਸੀ ਕਲਾ ਨ ਖੇਡੀਐ ਜਿਤੁ ਦਰਗਹ
ਗਇਆ ਹਾਰੀਐ ॥ [ਪੰਨਾ ੪੬੯

ਇਹ ਗੁਰਵਾਕ ਸਾਫ਼ ਦਸਦਾ ਹੈ ਕਿ ਐਥੋਂ ਚਲ ਕੇ (ਸਰੀਰ ਛੱਡਣ ਤੋਂ ਪਿਛੋਂ) ਜੀਵ ਨੂੰ ਅਗੇ ਐਸੀ ਦਰਗਹ ਵਿਚ ਪਹੁੰਚਣਾ ਪੈਂਦਾ ਹੈ ਜਿਥੇ ਉਸ ਦੇ ਕੀਤੇ ਕਰਮਾਂ ਦਾ ਜ਼ਰੂਰ ਨਿਬੇੜਾ ਹੋਣਾ ਹੈ। ਦਰਗਾਹ ਜਾ ਕੇ ਹਾਰ ਦਿਵਾਉਣ ਵਾਲੇ ਪਰਪੰਚ-ਕਰਮਾਂ ਤੋਂ ਇਸੇ ਕਰਕੇ ਹੋੜਿਆ ਗਿਆ ਹੈ ਤਾਂਕਿ ਅਗੇ ਜਾ ਕੇ ਹਾਰਨਾ ਨਾ ਪਵੇ। ਜਿਹੜੇ ਐਵੇਂ ਅੱਖਾਂ ਮੀਚ ਕੇ ਅਵੇਸਲੇ ਹੋ ਕੇ ਇਉਂ ਕਹਿ ਛਡਦੇ ਹਨ ਕਿ ਅੱਗਾ ਕਿਸੇ ਨੇ ਡਿੱਠਾ ਹੈ ? ਉਨ੍ਹਾਂ ਦੇ ਮੂੰਹ ਤੇ ਇਹ ਚਪੇੜ ਬੜੀ ਕਰਾਰੀ ਲਗਦੀ ਹੈ ਜੋ ਉਨ੍ਹਾਂ ਮਦਹੋਸ਼ਾਂ ਨੂੰ ਹੋਸ਼ ਅੰਦਰ ਲਿਆਉਂਦੀ ਹੈ। ਜਿਹੜੇ ਪੁਰਸ਼ ਸਸਾਰ ਅੰਦਰ ਰਾਜੇ ਰਾਉ ਸਿਕਦਾਰ ਸਰਦਾਰ ਆਦਿਕ ਹਾਕਮਾਂ ਦੇ ਅਹੁਦੇ ਪਾ ਕੇ ਮਨ-ਭਾਉਂਦੇ ਹੁਕਮ ਚਲਾਉਂਦੇ ਹਨ, ਧੀਂਗੋ-ਜ਼ੋਰੀਆਂ ਕਰਦੇ ਹਨ, ਜਬਰ ਜ਼ੁਲਮ ਕਰਦੇ ਡਰਦੇ ਨਹੀਂ, ਸਗੋਂ ਨਿਰਭੈ ਹੋ ਕੇ ਅਤਿਆਚਾਰ ਕਰਦੇ ਹਨ, ਮਤ ਉਹ ਅਵੇਸਲੇ ਰਹਿਣ, ਉਹਨਾਂ ਨੂੰ ਅਗੇ ਜਾ ਕੇ ਰਾਹ ਭੀੜੇ ਵਿਚਦੀ ਜ਼ਰੂਰ ਲੰਘਣਾ ਪਊ ਤੇ ਨੰਗਮ-ਨੰਗੇ ਹੋ ਕੇ, ਡਰਾਉਣੀ ਸ਼ਕਲ ਸ਼ਕਲਾਇ ਦੇ, ਦੋਜ਼ਖਾਂ ਵਿਚ ਜਾਣਾ ਪਊ। ਯਥਾ ਗੁਰਵਾਕ :—

ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ
ਜਾਵਣਾ ॥ ਨੰਗਾ ਦੋਜਕਿ ਚਾਲਿਆ ਤਾ ਦਿਸੈ
ਖਰਾ ਡਰਾਵਣਾ ॥ [ਪੰਨਾ ੪੭੧

ਇਸ ਗੁਰਵਾਕ ਅੰਦਰ ਦੋਜ਼ਖ ਨਰਕ ਵਿਚ ਪੈਣ ਦਾ ਵੀ ਸਾਫ ਇਸ਼ਾਰਾ ਹੈ (ਦੋਜਖ, ਨਰਕ, ਸੁਰਗ ਦਾ ਨਿਰਣਾ ਵਖਰੇ ਵਖਰੇ ਕਾਡਾਂ ਵਿਚ ਕੀਤਾ ਜਾਊ)



www.AKJ.Org

ਇਸ ਵਿਚ ਰਤਾ ਸੰਦੇਹ ਨਹੀਂ ਕਿ ਅੱਗੇ ਦਰਗਾਹ ਗਿਆਂ ਲੇਖਾ ਜ਼ਰੂਰ ਲਿਆ ਜਾਣਾ ਹੈ ਤੇ ਘਾਣੀ ਵਿਚ ਐਉਂ ਪੀੜਿਆ ਜਾਣਾ ਹੈ ਜਿਵੇਂ ਤਿਲ ਕੋਹਲੂ ਵਿਚ ਪੀੜੇ ਜਾਂਦੇ ਹਨ।

ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ
ਤੇਲੁ ॥ [ਪੰਨਾ ੪੭੩

ਅਗਲੇ ਦਰ ਘਰ ਦੀਆਂ ਖ਼ਬਰਾਂ ਵਾਲੇ ਗੁਰੂ ਨਾਨਕ ਸਾਹਿਬ ਉਪਰ ਦਸੀ ਫ਼ੁਰਮਾਉਣੀ ਫ਼ੁਰਮਾਉਂਦੇ ਹਨ, ਜੋ ਇੰਨ ਬਿੰਨ ਸਚ ਹੈ।

ਜੋ ਸਚੇ ਪਿਤਾ ਵਾਹਿਗੁਰੂ ਨੂੰ ਇਕ ਨਿਮਖ ਵੀ ਨਹੀਂ ਵਿਸਾਰਦੇ, ਉਹ ਅਗੇ ਗਿਆਂ ਬਾਜੀ ਨਹੀਂ ਹਾਰਦੇ :—

ਤਿਸੁ ਬਾਪ ਕਉ ਕਿਉ ਮਨਹੁ ਵਿਸਾਰੀ ॥
ਆਗੈ ਗਇਆ ਨ ਬਾਜੀ ਹਾਰੀ ॥੧॥
[ਆਸਾ ਕਬੀਰ ਜੀ, ੪੭੬

ਅੱਗਾ ਤੇ ਅਗਲੀ ਦਰਗਾਹ ਸਿੱਧ ਕਰਨ ਲਈ ਇਸ ਤੋਂ ਵਧੇਰੇ ਹੋਰ ਕੀ ਲਿਖਿਆ ਜਾਏ, ਜਿਨ੍ਹਾਂ ਦੀ ਤਸੱਲੀ ਹੋ ਜਾਣੀ ਹੈ ਸੋ ਏਤਨੇ ਵਿਚ ਹੀ ਹੋ ਜਾਣੀ ਹੈ। ਜਿਨ੍ਹਾਂ ਨੂੰ ਤਸੱਲੀ ਨਹੀਂ ਹੋਣੀ ਉਨ੍ਹਾਂ ਦੀ ਕਦੇ ਭੀ ਨਹੀਂ ਹੋਣੀ। ਸੋ ਇਸ ਵਿਸ਼ੇ ਪ੍ਰਥਾਇ ਏਥੇ ਹੀ ਬਸ ਕੀਤੀ ਜਾਂਦੀ ਹੈ।

['ਅਣਡਿੱਠੀ ਦੁਨੀਆ' ਪੁਸਤਕ ਵਿਚੋਂ

—0—

## ਸਾਧ ਸੰਗਤ ਦੀ ਤਾਂਘ

[ ਪਹਿਲੇ ਸਫ਼ੇ ਤੇ ਦਿਤੀ ਫ਼ਾਰਸੀ ਗ਼ਜ਼ਲ ਦਾ ਪੰਜਾਬੀ ਉਲਥਾ ]

ਨਿੱਮਰਤਾ ਹੈ ਜੋਤ ਅਲਾਹੀ, ਰੱਗ ਦੇ ਰਾਹ ਜੋ ਪਾਵੇ।
ਦਿਲ ਵਿਚ ਰੱਬ ਦੀ ਯਾਦ ਲਿਆਵੇ, ਜਿਹਬਾ ਰੱਬ ਰੱਬ ਗਾਵੇ ॥੧॥
ਸਾਧ ਸੰਗਤ ਦੀ ਤ਼ਾਂਘ ਅਗੰਮੀ, ਜਦ ਦਿਲ ਅੰਦਰ ਆਈ।
ਹਰ ਥਾਵੇਂ ਹਰ ਪਾਸੇ ਸਾਨੂੰ, ਦਿਸਿਆ ਨੂਰ ਖ਼ੁਦਾਈ ॥੨॥
ਖ਼ਾਲਕ ਵੇਖੇ ਖ਼ਲਕਤ ਅੰਦਰ, ਸਾਡੀ ਨਜ਼ਰ ਨਿਆਰੀ।
ਹੋਰ ਕਿਸੇ ਵਲ ਸਾਡੇ ਨੈਣਾਂ, ਝਾਤ ਕਦੀ ਨਹੀਂ ਮਾਰੀ ॥੩॥
ਰੱਬ-ਰੰਗ-ਰਤਿਆਂ ਦਾ ਜੇ ਤੈਨੂੰ, ਸਾਥ ਦਿਲੋਂ ਜੇ ਭਾਵੇ।
ਚਰਨ-ਧੂੜ ਉਨ੍ਹਾਂ ਦੀ, ਤੇਰਾ ਦਿਲ ਬੁਝਿਆ ਰੁਸ਼ਨਾਵੇ ॥੪॥
'ਗੋਇਆ' ਕੌਣ ਹੈ ਜਿਸ ਨੇ? 'ਦਿਲ' ਦੀ ਲੜੀ ਲੜਾਈ।
ਦਿਲ ਨੂੰ ਜਿੱਤ ਕੇ ਦੱਸੋ ਕਿਸ ਨੇ, ਦਿਲੀ ਮੁਰਾਦ ਨਾ ਪਾਈ ॥੫॥

[ ਸ: ਵਿਧਾਤਾ ਸਿੰਘ ਜੀ 'ਤੀਰ'

## ਜਲੰਧਰ ਦੀ ਥਾਂ ਅੰਮ੍ਰਿਤਸਰ

'ਸੂਰਾ' ਮਾਸਕ ਪੱਤਰ ਮਾਰਚ ੧੯੭੩ ਤੋਂ ਜਲੰਧਰ ਤੋਂ ਅੰਮ੍ਰਿਤਸਰ ਚਲਾ ਗਿਆ ਹੋਇਆ ਹੈ। ਪਰ ਅਜੇ ਤਕ ਕਈ ਸਜਣ ਭੁਲੇਖਾ ਖਾ ਜਾਂਦੇ ਹਨ ਅਤੇ ਜਲੰਧਰ ਮੇਰੇ ਨਾਂ ਤੇ ਚਿੱਠੀ ਪੱਤਰ ਜਾਂ ਪੋਸਟਲ ਆਰਡਰ ਭੇਜ ਦਿੰਦੇ ਹਨ। ਸਾਰੇ ਸਜਣ ਨੋਟ ਕਰ ਲੈਣ ਕਿ ਸਭ ਤਰ੍ਹਾਂ ਦੀ ਚਿੱਠੀ ਪੱਤਰ ਅਤੇ ਮਾਇਆ ਆਦਿ ਭੇਜਣ ਲਗਿਆਂ ਮੈਨੇਜਰ 'ਸੂਰਾ' ਅੰਮ੍ਰਿਤਸਰ ਦੇ ਨਾਂ ਭੇਜਿਆ ਕਰਨ।

**ਪ੍ਰਾਰਥਕ—ਦਲਜੀਤ ਸਿੰਘ (ਲੈ: ਕਰਨਲ), 305—ਐਲ, ਮਾਡਲ ਟਾਊਨ, ਜਲੰਧਰ**

www.AKJ.Org

# ਅਕਾਲ ਪੁਰਖ ਦੀ ਤੱਤ ਲਖਤਾ

[ ਵਲੋਂ:—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਅੰਤਰਿ ਅਲਖੁ ਨ ਜਾਈ ਲਖਿਆ ॥ ਨਾਮੁ ਰਤਨੁ ਲੈ ਗੁਝਾ ਰਖਿਆ ॥ ਅਗਮੁ ਅਗੋਚਰੁ ਸਭ ਤੇ ਊਚਾ **ਗੁਰ ਕੈ ਸਬਦਿ ਲਖਾਵਣਿਆ** ॥੧॥......ਸਾਧਿਕ ਸਧ ਜਿਸੈ ਕਉ ਫਿਰਦੇ ॥ ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ ॥ ਕੋਟਿ ਤੇਤੀਸਾ ਖੋਜਹਿ ਤਾ ਕਉ **ਗੁਰ ਮਿਲਿ ਹਿਰਦੈ ਗਾਵਣਿਆ** ॥੨॥... ਸਾਚਾ ਸਾਹਿਬੁ ਗੁਰਮੁਖਿ ਜਾਪੈ ॥ ਪੂਰੇ ਗੁਰ ਕੈ ਸਬਦਿ ਸਿਞਾਪੈ ॥ ਜਿਨ ਪੀਆ ਸੇਈ ਤ੍ਰਿਪਤਾਸੇ ਸਚੇ ਸਚਿ ਅਘਾਵਣਿਆ ॥੪॥

[ਮਾਝ ਮ: ੫, ਪੰਨਾ ੧੩੦

ਇਸ ਗੁਰਵਾਕ ਦਾ ਤੱਤ-ਸਾਰ ਇਹ ਹੈ ਕਿ ਅਲਖ ਅਗੋਚਰ ਪ੍ਰਭੂ ਭਾਵੇਂ ਘਟ 'ਅੰਤਰ' ਨੇੜੇ ਤੋਂ ਨੇੜੇ ਹੀ ਵਸ ਰਹਿਆ ਹੈ, ਉਹ ਹੋਰ ਕਿਸੇ ਤਰ੍ਹਾਂ ਭੀ ਲਖਿਆ ਨਹੀਂ ਜਾ ਸਕਦਾ। ਲਖਿਆ ਜਾ ਸਕਦਾ ਹੈ ਤਾਂ 'ਗੁਰ ਕੈ ਸਬਦਿ' ਗੁਰ-ਮੰਤ੍ਰ (ਸਤਿਨਾਮ) ਦੁਆਰਾ ਹੀ ਲਖਿਆ ਜਾ ਸਕਦਾ ਹੈ। ਗੁਰਮੰਤ੍ਰ (ਸਤਿਨਾਮ-ਗੁਰਸ਼ਬਦ) ਤੋਂ ਘੁਥੇ ਹੋਏ ਸਿਧ ਸਾਧਿਕ ਬ੍ਰਹਮੇ ਇੰਦ੍ਰ ਆਦਿਕ ਬਥੇਰੇ ਮਨ-ਉਕਤ ਕਿਰਤਮ-ਨਾਮੀਏ ਜਾਪ ਜਪਿ ਜਪਿ ਅੰਤਰ ਧਿਆਨ ਹੁੰਦੇ ਫਿਰਦੇ ਹਨ, ਇਸੇ ਤਰ੍ਹਾਂ ਤੇਤੀ ਕਰੋੜ ਦੇਵਤੇ ਭੀ ਖੋਜ ਖੋਜ ਕੇ ਹੰਭ ਰਹੇ ਹਨ। ਪ੍ਰੰਤੂ ਉਹ ਅਲਖ ਬਿਧਾਤਾ ਪ੍ਰਭੂ ਪਾਇਆ ਲਖਿਆ ਜਾ ਸਕਦਾ ਹੈ ਤਾਂ ਕੇਵਲ ਗੁਰੂ ਸਤਿਗੁਰੂ ਨੂੰ ਮਿਲ ਕੇ ਹੀ ਪਾਇਆ ਧਿਆਇਆ ਜਾ ਸਕਦਾ ਹੈ। ਨਿਗੁਰੇ ਗੁਰ-ਮੰਤ੍ਰ ਹੀਣਿਆਂ ਦਾ ਧਿਆਨ ਹੀ ਨਹੀਂ ਬੱਝ ਸਕਦਾ। ਉਨ੍ਹਾਂ ਦਾ ਨਾਮ ਧਿਆਉਣਾ ਕੇਵਲ ਪੰਚ-ਇੰਦ੍ਰਕ-ਮੈਡੀਟੇਸ਼ਨਕ† ਖੋਜ ਖਬਤ ਹੀ ਬਣਿਆ ਰਹਿੰਦਾ ਹੈ। ਗੁਰਮਤਿ ਗੁਰਮੰਤ੍ਰ ਦੀ ਅਭਿਆਸ-ਕਮਾਈ ਵਾਲਿਆਂ ਨੂੰ ਹਿਰਦੇ ਅੰਦਰ ਹੀ ਅਲੱਖ ਪਾਰ-ਬ੍ਰਹਮ ਦਾ ਲਖਾਰ ਦਰਸ ਝਲਕਾਰ-ਝਲਕ ਹੋ ਆਂਵਦਾ ਹੈ ਅਤੇ ਇਹ ਰਿਦੰਤਰੀ ਦਰਸ-ਲਖਾਰੀ ਝਲਕਾਰ ਸਾਂਗੋ ਪਾਂਗ ਸਨਮੁਖੀ ਦਰਸ਼ਨ ਹੈ। ਏਥੇ ਤਾਂ ਸਚਾ ਦਰਸ ਮਗਨਾਰੀ ਧਿਆਨ, ਅੰਦਰ ਉਪਜ ਆਂਵਦਾ ਹੈ। ਸੋ ਏਥੇ ਅੱਖ ਝਮਕਣ ਦੀ ਤਾਬ ਨਹੀਂ। ਏਥੇ ਫੁਰਨ ਕੁਫੁਰਨਿਆਂ ਦੀ ਫੁਰਨਾਟ ਉੱਕੀ ਹੀ ਬੰਦ ਹੈ। ਸੱਚਾ ਲਿਵਤਾਰੀ ਧਿਆਨ ਏਥੇ ਹੀ ਬੱਝਦਾ ਹੈ। ਏਥੇ ਸੱਚੇ ਧਿਆਨ ਲਿਵਤਾਰੀ ਜਨ ਦਰਸ-ਚਕੋਰ ਬਣ ਕੇ, ਇਕ-ਟਕ ਦਰਸ-ਲਿਵ-ਧਿਆਨੀ ਹੋ ਕੇ, ਹਿਰਦੇ ਅੰਦਰ ਹੀ ਦਿਲਦਾਰ ਦਰਸ ਕਰਤਾਰ ਦੀ ਝਲਕਾਰ ਦਾ ਸਨਮੁਖ ਧਿਆਨ ਧਰਦੇ ਹੋਏ ਗੁਣ ਗਾਉਂਦੇ ਹਨ, ਜਿਸ ਗੁਣ ਗਾਉਣ ਦੀ ਮਹਿਮਾ ਅਪਰ ਅਪਾਰ ਹੈ। ਇਹ ਹੈ ਅਰਥ ਪ੍ਰਮਾਰਥ "ਗੁਰ ਮਿਲਿ ਹਿਰਦੈ ਗਾਵਣਿਆ" ਦਾ। ਤਾਂ ਤੇ ਸੱਚਾ ਸਾਹਿਬ ਗੁਣੀ ਨਿਧਾਨ ਸਤਿ ਕਰਤਾਰ ਕੇਵਲ ਗੁਰਮੁਖਾਂ ਨੂੰ ਹੀ ਗੁਰ ਮੰਤ੍ਰ ਦੇ ਤੁਫੈਲ ਪ੍ਰਗਟ ਪਹਾਰੇ ਜਾਪਦਾ, ਪਰਤਖ ਸਾਂਗੋ ਪਾਂਗ ਨਜ਼ਰੀਂ ਆਂਵਦਾ ਹੈ। ਪੂਰੇ ਗੁਰੂ ਦੇ ਪੂਰੇ ਸ਼ਬਦ ਗੁਰ ਮੰਤ੍ਰ ਦੀ ਅਭਿਆਸ-ਕਮਾਈ ਦੇ ਪ੍ਰਤਾਪ ਕਰਕੇ ਅੰਤਰ-ਆਤਮੇ ਸਿਆਣਿਆ, ਦਿੱਬ-ਦ੍ਰਿਸ਼ਟਾਣਿਆ ਜਾ ਸਕਦਾ ਹੈ ਅਤੇ ਸੱਚੀ ਲਿਵ-ਧਿਆਨ-ਮਗਨਤਾ ਦਾ ਅੰਮ੍ਰਿਤ-ਰਸ ਮਾਣਿਆ ਜਾ ਸਕਦਾ ਹੈ। ਜਿਨ੍ਹਾਂ ਨੇ ਇਹ ਲਿਵ-ਧਿਆਨ ਮਗਨਾਰੀ ਅਮੀ ਰਸ ਚਾਖਿਆ ਹੈ ਸੋਈ ਰਜਿ ਰਜਿ ਅੰਮ੍ਰਿਤ ਦੇ ਗਟਾਕ ਭੁੰਚਿ ਭੁੰਚਿ ਤ੍ਰਿਪਤਾਇ ਅਘਾਇ ਰਹੇ ਹਨ। ਗੁਰਮਤਿ ਨਾਮ ਅਭਿਆਸ ਕਮਾਈ ਵਾਲਿਆਂ ਨੂੰ ਹੀ ਇਹ ਰੰਗ ਲਗਦੇ ਹਨ ਅਤੇ ਉਨ੍ਹਾਂ ਦੀ ਹੀ ਘਾਲ ਥਾਇ ਪੈਂਦੀ ਹੈ। ਗੁਰਮਤਿ ਤੋਂ ਘੁਥੇ ਆਨ ਮਤ-ਮਤਾਂਤ੍ਰੀ ਕਿਰਤਮ-ਨਾਮੀਏ ਮਨਮਤੀਆਂ ਨੂੰ ਇਸ ਤੱਤ ਵਸਤੂ ਦੀ ਲੱਖਤਾ ਹੀ ਨਹੀਂ ਹੋ ਸਕਦੀ। ਗੁਰ ਪੂਰੇ ਬਾਝੋਂ ਇਹ ਗੁਰਮਤਿ ਨਾਮ ਰੂਪੀ ਤੱਤ-ਅੰਮ੍ਰਿਤ ਪਦਾਰਥ ਪਾਇਆ ਹੀ ਨਹੀਂ ਜਾ ਸਕਦਾ।

†ਨਿਰਾ ਮਨ ਦੀਆਂ ਸੋਚਾਂ ਵਿਚਾਰਾਂ ਦੇ ਅਧੀਨ ਸਹਸ-ਸਿਆਣਪੀ ਧਿਆਉਣਾ।



www.AKJ.Org

ਏਸ ਗੁਰ-ਗੰਮ ਭੇਦ ਵਾਲੀ ਤੱਤ-ਲਖਤਾ ਤੋਂ ਭੁਲੀ ਹੋਈ ਲੁਕਾਈ ਨੂੰ ਸੱਚੀ ਸਿਫਤ-ਸਲਾਹ ਗੁਰਮਤਿ ਨਾਮ ਦੇ ਤਤ ਅਭਿਆਸ ਦਾ ਅਹਿਸਾਸ ਹੀ ਨਹੀਂ, ਵੱਲ ਤਾਂ ਕੀ ਹੋਣਾ ਸੀ। ਸਭ ਐਵੇਂ ਦੇਖਾ-ਦੇਖੀ ਤੇ ਸੁਣਤੋ ਸੁਣਤੀ ਹੀ ਸਤਿ ਪੁਰਖ ਪ੍ਰਮੇਸ਼ਰ ਪਾਰਬ੍ਰਹਮ ਨੂੰ ਆਖ ਆਖ ਕੇ ਸਾਲਾਹੁਣ ਸਿਮਰਨ ਦੇ ਤਰਲੇ ਲੈਂਦੇ ਹਨ। ਇਨ੍ਹਾਂ ਵਿਚੋਂ ਜਿਨ੍ਹਾਂ ਉਤੇ ਗੁਰੂ ਕਰਤਾਰ ਦੀ ਨਦਰ ਮੇਹਰ ਹੁੰਦੀ ਹੈ ਉਨ੍ਹਾਂ ਦਾ ਪਰਾਰਬਦੀ ਗੇੜ ਅਨੁਸਾਰ ਗੁਰੂ-ਘਰ ਵਿਖੇ ਜਨਮ ਆਣ ਹੁੰਦਾ ਹੈ। ਏਸ ਘਰ ਵਿਖੇ ਜਨਮ ਧਾਰ ਕੇ ਅਤੇ ਗੁਰਮੰਤ੍ਰ ਦੀ ਗੁਰਦੀਖਿਆ ਪ੍ਰਾਪਤ ਕਰ ਕੇ ਹੀ ਸੱਚੀ ਸਿਫ਼ਤ-ਸਲਾਹ ਦਾ ਵੱਲ ਆਉਂਦਾ ਹੈ। ਨਹੀਂ ਤਾਂ ਗੁਰਮਤਿ ਤੋਂ ਗੁਮਰਾਹ ਬਾਣੀ, ਮਨ-ਭਾਉਂਦੀ ਬਾਉ-ਬਾਣੀ ਸੁਣ ਸੁਣ ਕੇ ਆਖ ਵਖਾਣੀ ਜਾਂਦੇ ਹਨ ਜੋ ਕਿਸੇ ਲੇਖੇ ਨਹੀਂ ਪੈਂਦੀ। ਏਸ ਅਕਥ ਕਥਾ ਦੀ ਸੱਚੀ ਸੋਝੀ ਉਸੇ ਗੁਰਮੁਖ ਪਿਆਰੇ ਨੂੰ ਪੈਂਦੀ ਹੈ, ਜਿਸ ਨੂੰ ਆਪ ਗੁਰੂ ਅਕਾਲ ਪੁਰਖ ਇਸ ਅਲਖ ਅਲੇਖ ਗੁਰਮਤਿ ਭੇਦ ਦੀ ਲਖਤਾ ਕਰਾਏ, ਜੈਸਾ ਕਿ ਇਸ ਅਗਲੇਰੇ ਗੁਰਵਾਕ ਤੋਂ ਨਿਸ਼ਚਿਤ ਹੁੰਦਾ ਹੈ—

ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥ ਵਾਦੁ ਵਖਾਣਹਿ ਤਤੁ ਨ ਜਾਣਾ ॥ **ਵਿਣੁ ਗੁਰ ਪੂਰੇ ਤਤੁ ਨ ਪਾਈਐ** ਸਚ ਸੂਚੇ ਸਚੁ ਰਾਹਾ ਹੇ ॥੪॥ ਸਭ ਸਾਲਾਹੇ ਸੁਣਿ ਸੁਣਿ ਆਖੈ ॥ ਆਪੇ ਦਾਨਾ ਸਚੁ ਪਰਾਖੈ ॥ ਜਿਨ ਕਉ ਨਦਰਿ ਕਰੇ ਪ੍ਰਭੁ ਆਪਨੀ ਗੁਰਮੁਖਿ ਸਬਦੁ ਸਲਾਹਾ ਹੇ ॥੫॥ ਸੁਣਿ ਸੁਣਿ ਆਖੈ ਕੇਤੀ ਬਾਣੀ ॥ ਸੁਣਿ ਕਹੀਐ ਕੋ ਅੰਤੁ ਨ ਜਾਣੀ ॥ ਜਾ ਕਉ ਅਲਖੁ ਲਖਾਏ ਆਪੇ ਅਕਥ ਕਥਾ ਬੁਧਿ ਤਾਹਾ ਹੇ ॥੬॥

[ਮਾਰੂ ਮ: ੧, ਪੰਨਾ ੧੦੩੨

ਮਨ-ਉਕਤ ਸਿਮਰਨ ਦੀ ਘਾਲ ਕਮਾਈ ਰੂਪੀ ਸੇਵਾ ਘਾਲਣਾ ਬ੍ਰਹਮੇ, ਬਿਸ਼ਨ ਮਹੇਸ਼ ਸਾਰਖੇ ਬਥੇਰੇ ਕਰਿ ਕਰਿ ਥਕ ਰਹੇ ਹਨ, ਪਰ ਉਸ ਅਲੱਖ ਅਭੇਵ ਅਕਾਲ ਪੁਰਖ ਦਾ ਭੇਦ ਨਹੀਂ ਪਾ ਸਕੇ, ਜਿਨ੍ਹਾਂ ਅਕਾਲ ਪੁਰਖ ਦੀ ਮਿਹਰ ਨਦਰਾਲੂਏ-ਗੁਰਮੁਖ ਜਨਾਂ ਨੂੰ ਗੁਰਮਤਿ ਨਾਮ ਗੁਰਮੰਤ੍ਰ ਦੀ ਦਾਤ ਗੁਰੂ ਸਤਿਗੁਰੂ ਦੇ ਦੁਆਰਿਓਂ ਮਿਲੀ ਹੈ ਉਹਨਾਂ ਵਡਭਾਗੀ ਪੁਰਖਾਂ ਨੂੰ ਹੀ ਅਲੱਖ ਪਾਰਬ੍ਰਹਮ ਦੀ ਲਖਤਾ ਹੋਈ ਹੈ, ਉਹਨਾਂ ਦੇ ਅੰਤਰਿ ਆਤਮੇ ਏਕੋ ਗੁਰਮਤਿ ਨਾਮ ਹੀ ਗੁਰਿ ਕਿਰਪਾ ਕਰ ਵਸ ਜਾਂਦਾ ਹੈ, ਅਰਥਾਤ ਦ੍ਰਿੜ ਹੋ ਜਾਂਦਾ ਹੈ। ਜਿਨ੍ਹਾਂ ਨੂੰ ਸੱਚ ਸਤਿਗੁਰੂ ਦੁਆਰਿਓਂ ਸੱਚੀ ਸੋਝੀ ਪ੍ਰਾਪਤ ਹੋਈ ਹੈ ਉਹੀ ਨਾਮ ਜਪਣ-ਮਈ ਸਚਾ ਗੁਰਮਤਿ ਭੇਵ ਜਾਣਦੇ ਹਨ ਅਤੇ ਉਹੀ ਇਸ ਨਾਮ ਜਾਪ ਦੀ ਅਭਿਆਸ-ਕਮਾਈ ਦੁਆਰਾ ਸਚੇ ਨਾਮ ਨੂੰ ਧਿਆਉਣ ਤੇ ਤੱਤ ਨੂੰ ਜਾਣਦੇ ਹਨ ਅਤੇ ਨਾਮ-ਜਾਪ ਤੇ ਨਾਮ ਧਿਆਉਣ ਦੇ ਪ੍ਰਤਾਪ ਕਰਿ, ਉਹ ਸਚੇ ਮਹਿਲ-ਮਈ ਨਿਜ ਘਰ ਵਿਚ ਵਾਸਾ ਪਾਉਂਦੇ ਹਨ। ਸਚੀ ਮਹਿਲ ਪ੍ਰਾਪਤੀ ਕਰ ਕੇ ਸਨਮੁਖ ਮਹਿਲੀ ਮਹਿਲ ਦੇ ਦਿਦਾਰੇ ਕਰ ਕੇ, ਗੁਣਤਾਸ-ਅਭਿਆਸ-ਕੀਰਤ-ਕਮਾਈ ਦਾ ਸਚਾ ਅਨੰਦ ਕੇਵਲ ਉਹਨਾਂ ਨੂੰ ਹੀ ਆਉਂਦਾ ਹੈ। ਯਥਾ ਗੁਰਵਾਕ :—

ਬ੍ਰਹਮਾ ਬਿਸਨੁ ਰੁਦ੍ਰ ਤਿਸ ਕੀ ਸੇਵਾ ॥ ਅੰਤੁ ਨ ਪਾਵਹਿ ਅਲਖ ਅਭੇਵਾ ॥ ਜਿਨ ਕਉ ਨਦਰਿ ਕਰਹਿ ਤੂੰ ਅਪਣੀ ਗੁਰਮੁਖਿ ਅਲਖ ਲਖਾਹਾ ਹੇ ॥ ੧੦ ॥ ਪੂਰੈ ਸਤਿਗੁਰ ਸੋਝੀ ਪਾਈ ॥ ਏਕੋ ਨਾਮੁ ਮੰਨਿ ਵਸਾਈ ॥ ਨਾਮੁ ਜਪੀ ਤੈ ਨਾਮੁ ਧਿਆਈ ਮਹਲੁ ਪਾਇ ਗੁਣ ਗਾਹਾ ਹੇ ॥

[ਮਾਰੂ ਮ: ੩, ਪੰਨਾ ੧੦੫੩

"ਮਹਲੁ ਪਾਇ ਗੁਣ ਗਾਹਾ ਹੇ" ਦੇ ਭਾਵ ਵਾਲਾ ਗੁਰਸਿਖਾਂ ਦਾ ਗੁਣ ਗਾਉਣਾ ਹੀ ਪ੍ਰਵਾਣ ਹੈ। ਮਹਿਲੀ ਮਹਲੁ ਪਾਉਣ ਰਾਹੀਂ ਗਰਮਤਿ ਕਲਾ ਤੋਂ ਸੱਖਣੇ ਅਨਮਤਿ ਅਵਾਂਤਰੀ ਲਖ ਚਉਰਾਸੀ ਮੇਦਨੀ ਦਾ ਗੁਣ ਗਾਵਣਾ ਥਾਇ ਨਹੀਂ ਪੈਂਦਾ, ਸੋਈ ਭਾਵ ਸੋਦਰ ਦੀ ਪਉੜੀ ਵਿਚ ਪ੍ਰਗਟ ਹੈ। ਦੇਖੋ ਅਕਾਲ ਪੁਰਖ ਨੂੰ ਗਾਵਣਹਾਰੇ ਕਿਤਨੇ ਅਨਗਿਣਤ, ਬੇਅੰਤ ਗਵੱਯੇ ਵਰਨਣ ਕੀਤੇ ਹਨ :—

ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥ ਗਾਵਨਿ ਤੁਧਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥ ਗਾਵਨਿ



www.AKJ.Org

ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥ ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥ ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥ ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥ ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ ॥ ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥ ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥ ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥ ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥

ਇਤਨੇ ਕਈ ਲਖ ਕਰੋੜ ਆਪੋ ਆਪਣਾ ਗਾਵਣਾ ਗਾਂਵਦੇ ਹਨ, ਪਰ ਏਨ੍ਹਾਂ ਉਪਰਲੀਆਂ ਤੁਕਾਂ ਤੋਂ ਅਗਲੇਰੀਆਂ ਤੁਕਾਂ ਵਿੱਚ ਹੁਣ ਸਾਰ-ਸਿਧਾਂਤੀ ਸਿੱਟਾ ਗੁਰੂ ਸਾਹਿਬ ਇਹ ਉਚਾਰਨ ਕਰਦੇ ਹਨ :—

ਸੇਈ ਤੁਧਨੋ ਗਾਵਨਿ ਜੋ ਤੁਧ ਭਾਵਨਿ ਰਤੇ ਤੇਰੇ ਭਗਤ ਰਸਾਲੇ ॥ ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨਾ ਆਵਨਿ ਨਾਨਕੁ ਕਿਆ ਬੀਚਾਰੇ ॥

ਏਹੋ ਭਾਵ ਗੁਰੂ ਸਾਹਿਬ 'ਸੋ ਪੁਰਖੁ' ਦੀ ਇਸ ਪਉੜੀ ਵਿਚ ਦਰਸਾਉਂਦੇ ਹਨ :—

ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬੇਅੰਤ ਬੇਅੰਤਾ ॥ ਤੇਰੇ ਭਗਤ ਤੇਰੇ ਭਗਤ ਸਾਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ ॥ ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ ॥ ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ ॥ **ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥**

ਪਹਿਲੀਆਂ ਚੋਹਾਂ ਤੁਕਾਂ ਦਾ ਤੱਤ-ਸਿਧਾਂਤੀ ਸਿੱਟਾ ਪਿਛਲੀ ਪੰਜਵੀਂ ਤੁਕ ਵਿਚ ਨਿਰੂਪਨ ਕੀਤਾ ਹੈ, ਗੁਰਮਤਿ ਤੱਤ ਭਗਤੀ ਦੀ ਵਿਲੱਖਣਤਾ ਦਰਸਾਈ ਹੈ ਕਿ ਤਿਨ੍ਹਾਂ ਗੁਰਮੁਖਾਂ ਦੀ ਭਜਨ-ਭਗਤੀ ਹੀ ਦਰਿ ਪ੍ਰਵਾਨ ਪੈਂਦੀ ਹੈ ਜੋ ਗੁਰਮਤਿ ਤੱਤ-ਸਾਰ-ਦਰਸੀ ਅਨਿੰਨ ਭਗਤ ਅਕਾਲ ਪੁਰਖ ਦੇ ਹਨ; ਜੈਸਾ ਕਿ ਏਸ ਗੁਰਵਾਕ ਤੋਂ ਭੀ ਪ੍ਰਗਟ ਹੈ:—

ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥ ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥ ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥ ਨਾਨਕ ਤੇ ਹਰਿ ਦਰਿ ਪੈਨਾਇਆ ਮੇਰੀ ਜਿੰਦੁੜੀਏ ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥੪॥੪॥ [ਬਿਹਾਗੜਾ ਮ: ੪, ਪੰਨਾ ੫੪੦

ਅਰਥਾਤ ਗਾਉਣ ਨੂੰ ਤਾਂ ਆਪਣੇ ਆਪਣੇ ਤ੍ਰੀਕੇ ਅਨੁਸਾਰ ਸਾਰੇ ਗਾਉਂਦੇ ਹਨ ਪਰ ਅਸਲ ਗਾਉਣਾ ਉਨ੍ਹਾਂ ਦਾ ਹੀ ਸਫਲਾ ਹੈ ਜਿਨ੍ਹਾਂ ਗੁਰੂ ਦੁਆਰਾ ਭਗਤੀ ਵਿਚ ਮਨ ਲਾਇਆ ਹੈ ਤੇ ਉਹੋ ਹੀ ਅਕਾਲ ਪੁਰਖ ਦੀ ਦਰਗਾਹ ਵਿਚ ਨਿਵਾਜੇ ਜਾਂਦੇ ਹਨ ।

ਗੁਰਮਤਿ ਤੱਤ-ਸਾਰ-ਦਰਸੀ ਗੁਰਮੁਖ ਸੰਤ ਭਗਤ ਜਨਾਂ ਨੂੰ ਚਾਤ੍ਰਿਕ, ਮੋਰ, ਮ੍ਰਿਗ, ਮੀਨ, ਪੰਖੇਰੂ, ਭੀ ਉਸੇ ਪ੍ਰੀਤਮ ਪ੍ਰਮਾਤਮਾ ਦਾ ਰਾਗ ਅਲਾਪਦੇ ਜਾਪਦੇ ਹਨ, ਵਾਸਤਵ ਵਿਚ ਉਹ ਜਪੁ-ਸਿਮਰਨ ਭਜਨ ਨਹੀਂ ਕਰਦੇ। ਉਨ੍ਹਾਂ ਦੇ ਅੰਤਰ ਬੋਲਣਹਾਰ ਪਰਮ ਗੁਰੂ ਜੋਤਿ ਅੰਸ਼, ਉਹੀ ਉਨ੍ਹਾਂ ਨੂੰ ਪ੍ਰਤਖ ਪ੍ਰਤੀਤ ਹੁੰਦੀ ਹੈ ਯਥਾ :—

ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ ।੨॥ ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥੩॥

[ਮਲਾਰ ਮ: ੪, ਪੰਨਾ ੧੨੬੫

'ਸੋਦਰ' ਤੇ 'ਸੋ ਪੁਰਖ' ਦੇ ਪਹਿਲੇ ਪਉੜਿਆਂ ਵਾਲਾ ਇਹੋ ਗੁਰਮਤਿ ਭਾਵ ਹੀ ਇਸ ਅਗਲੇਰੇ ਗੁਰਵਾਕ ਅੰਦਰ ਹੈ :—

ਸਿਧ ਸਮਾਧਿ ਜਪਿਓ ਲਿਵ ਲਾਈ ਸਾਧਿਕ ਮੁਨਿ



www.AKJ.Org

ਜਪਿਆ ॥ ਜਤੀ ਸਤੀ ਸੰਤੋਖੀ ਧਿਆਇਆ ਮੁਖਿ ਇੰਦ੍ਰਾਦਿਕ ਰਵਿਆ ॥ **ਸਰਣਿ ਪਰੇ ਜਪਿਓ ਤੇ ਭਾਏ ਗੁਰਮੁਖਿ ਪਾਰਿ ਪਇਆ ॥੧॥**...... ਸੁਰਿ ਨਰ ਗਣ ਗੰਧਰਬੇ ਜਪਿਓ ਰਿਖਿ ਬਪੁਰੈ ਹਰਿ ਗਾਇਆ ॥ ਸੰਕਰਿ ਬ੍ਰਹਮੈ ਦੇਵੀ ਜਪਿਓ ਮੁਖਿ ਹਰਿ ਹਰਿ ਨਾਮੁ ਜਪਿਆ ॥ **ਹਰਿ ਹਰਿ ਨਾਮਿ ਜਿਨਾ ਮਨੁ ਭੀਨਾ ਤੇ ਗੁਰਮੁਖਿ ਪਾਰਿ ਪਇਆ ॥੨॥** ਕੋਟਿ ਕੋਟਿ ਤੇਤੀਸ ਧਿਆਇਓ ਹਰਿ ਜਪਤਿਆ ਅੰਤੁ ਨ ਪਾਇਆ ॥ ਬੇਦ ਪੁਰਾਣ ਸਿਮ੍ਰਿਤਿ ਹਰਿ ਜਪਿਆ ਮੁਖਿ ਪੰਡਿਤ ਹਰਿ ਗਾਇਆ ॥ ਨਾਮੁ ਰਸਾਲੁ ਜਿਨਾ ਮਨਿ ਵਸਿਆ ਤੇ ਗੁਰਮੁਖਿ ਪਾਰਿ ਪਇਆ॥੩॥ ਅਨਤ ਤਰੰਗੀ ਨਾਮੁ ਜਿਨ ਜਪਿਆ ਮੈ ਗਣਤ ਨ ਕਰਿ ਸਕਿਆ ॥ ਗੋਬਿੰਦੁ ਕ੍ਰਿਪਾ ਕਰੇ ਥਾਇ ਪਾਏ ਜੋ ਹਰਿ ਪ੍ਰਭ ਮਨਿ ਭਾਇਆ ॥ **ਗੁਰਿ ਧਾਰਿ ਕ੍ਰਿਪਾ ਹਰਿਨਾਮੁ ਦ੍ਰਿੜਾਇਓ ਜਨ ਨਾਨਕ ਨਾਮੁ ਲਇਆ ॥੪॥੨॥** [ਮਾਰੂ ਮ: ੪ ਪੰਨਾ ੯੯੫

ਵਿਆਖਿਆ :—ਏਸ ਸ਼ਬਦ ਦੇ ਚੋਹਾਂ ਪਦਿਆਂ ਵਿਚੋਂ ਹਰ ਇਕ ਪਦੇ ਦੀ ਅੰਤਲੀ ਪੰਗਤੀ ਪਹਿਲੀਆਂ ਪੰਗਤੀਆਂ ਵਿਚ ਵਰਨਣ ਕੀਤੇ ਭਾਵ ਦਾ ਸਾਰ-ਸਿੱਟਾ ਦਰਸਾਉਂਦੀ ਹੈ ।

੧. ਪਹਿਲੇ ਪਦੇ ਦੀਆਂ ਪਹਿਲੀਆਂ ਪੰਗਤੀਆਂ ਦਸਦੀਆਂ ਹਨ ਕਿ ਸਿਧਾਂ ਜੋਗੀਆਂ ਨੇ ਬਥੇਰੀਆਂ ਮਨ-ਉਕਤ ਧਿਆਨ-ਸਮਾਧੀਆਂ ਲਾ ਲਾ ਕੇ ਮਨ-ਮੰਨਿਆ ਕ੍ਰਿਤਮ ਨਾਮ ਬਥੇਰਾ ਜਪਿਆ ਤੇ ਮਨ ਸਾਧਨਹਾਰੇ ਮੁਨੀਆਂ ਨੇ ਭੀ ਉਸ ਦਾ ਜਾਪ ਜਪਿਆ, ਜਤੀਆਂ ਸਤੀਆਂ ਸੰਤੋਖੀਆਂ ਨੇ ਭੀ ਬਥੇਰਾ ਧਿਆਵਨਾ ਧਿਆਇਆ, ਅਤੇ ਇੰਦ੍ਰ ਆਦਿਕਾਂ ਨੇ ਭੀ ਮੁਖ ਕਰਕੇ ਮੂੰਹ-ਆਇਆ) ਨਾਮ ਰਟਨ ਕੀਤਾ, ਪਰ ਤਿਨ੍ਹਾਂ ਨੇ ਹੀ ਜਦੋਂ ਗੁਰੂ ਦੀ ਸਰਨੀ ਪੈ ਕੇ, ਗੁਰੂ ਤੋਂ ਗੁਰ-ਦੀਖਿਆ ਪ੍ਰਾਪਤ ਕਰ ਕੇ ਗੁਰਮਤਿ ਨਾਮ ਗੁਰਮੰਤ੍ਰ ਨੂੰ ਜਪਿਆ ਤਦੋਂ ਹੀ ਤਿਨ੍ਹਾਂ ਦਾ ਗੁਰਮੁਖਿ ਬਣ ਕੇ ਪਾਰ ਉਤਾਰਾ ਹੋਇਆ ।

ਸੁਰ ਨਰ ਗਣ ਗੰਧਰਬਾਂ ਨੇ ਭੀ ਮਨ ਥੰਮ ਥੰਮ ਕੇ ਜਪਨਾ ਜਪਿਆ । ਵਿਚਾਰੇ ਰਿਖੀਆਂ ਮਨ-ਭਾਉਂਦੇ ਗੀਤ-ਸਤੰਤਰ ਬਣਾ ਕੇ ਤੇ ਵੇਦ-ਮੰਤ੍ਰਾਂ ਦੀਆਂ ਰਿਚੀਆਂ ਪੜ੍ਹ-ਪੜ੍ਹਾ ਕੇ ਨਿਜ-ਕ੍ਰਿਤਮੀ-ਜਸ ਗਾਇਨ ਕੀਤੇ, ਸ਼ਿਵ ਜੀ ਬ੍ਰਹਮਾ ਆਦਿਕ ਦੇਵੀ ਦੇਵਤਿਆਂ ਨੇ ਭੀ ਨਿਜ ਕਥੇ, ਉਚਰੇ ਕਿਰਤਮ ਨਾਮ ਰਚਿ ਰਚਿ ਪ੍ਰਮਾਤਮਾ ਨੂੰ ਜਪਿਆ, ਪਰ ਓੜਕ ਗੁਰਮਤਿ ਨਾਮ ਪ੍ਰਾਪਤ ਕਰ ਕੇ ਤੇ ਗੁਰਮੁਖ ਬਣ ਕੇ ਗੁਰੂ ਹੀ ਦੁਆਰਾ ਨਾਮ ਗੁਰਮੰਤ੍ਰ ਸੇਤੀ ਉਹਨਾਂ ਦਾ ਹਿਰਦਾ ਭਿਜਿਆ ਅਤੇ ਇਸ ਬਿਧ ਉਨ੍ਹਾਂ ਦਾ ਨਿਸਤਾਰਾ ਹੋਇਆ ।

(੩) ਤੇਤੀ ਕਰੋੜ ਦੇਵਤਿਆਂ ਨੇ ਭੀ ਉਸ ਨੂੰ ਕਿਰਤਮ ਨਾਮ ਜਪ ਜਪ ਕੇ ਬਥੇਰਾ ਧਿਆਇਆ, ਪਰ ਉਸ ਅਗੰਮ ਅਗੋਚਰ ਪਾਰਬ੍ਰਹਮ ਪ੍ਰਭੂ ਪ੍ਰਮਾਤਮਾ ਦਾ ਉਨ੍ਹਾਂ ਅੰਤ ਨਹੀਂ ਪਾਇਆ, ਬੇਦਾਂ ਪੁਰਾਣਾਂ, ਸਿਮ੍ਰਤੀਆਂ ਨੇ ਭੀ ਬੇਦਾਂ ਦੁਆਰਾ ਬਥੇਰਾ ਹਰਿ ਹਰਿ ਗਾਇਆ, ਪਰ ਜਿਨ੍ਹਾਂ ਦੇ ਰਿਦੰਤਰ ਗੁਰੂ ਦੁਆਰਾ ਰਸ-ਜੋਤ ਪ੍ਰਕਾਸ਼ ਕਲਾ ਕ੍ਰਿਸ਼ਮੀ ਪਾਰਸ ਰੂਪੀ ਗੁਰਮਤਿ ਗੁਰਮੰਤ੍ਰ ਵਸ ਰਸ ਗਇਆ, ਤਿਨ੍ਹਾਂ ਗੁਰਮੁਖਾਂ ਦਾ ਹੀ ਇਸ ਭਵ ਸਾਗਰ ਤੋਂ ਪਾਰ ਪੈਣਾ ਸੰਭਵ ਹੋਇਆ ।

(੪) ਜਿਨ੍ਹਾਂ ਨੇ ਅਨਿਕ ਪ੍ਰਕਾਰੀ ਉਕਤੀਆਂ ਯੁਕਤੀਆਂ ਅਤੇ ਮਨ ਦੇ ਵੇਗ-ਤਰੰਗਾਂ ਦੁਆਰਾ ਭਾਂਤ ਭਾਂਤ ਦੇ ਕ੍ਰਿਤਮ ਨਾਮਾਂ ਨੂੰ ਜਪਿਆ ਹੈ ਤਿਨ੍ਹਾਂ ਦੀ ਗਿਣਤੀ ਹੀ ਨਹੀਂ ਗਿਣੀ ਜਾ ਸਕਦੀ । ਪਰ ਭਜਨ-ਭਗਤੀ ਤਿਨ੍ਹਾਂ ਦੀ ਹੀ ਥਾਇ ਪੈਂਦੀ ਹੈ, ਜਿਨ੍ਹਾਂ ਉਤੇ ਗੁਰੂ ਦੀ ਕਿਰਪਾ ਹੋਵੇ ਤੇ ਜੋ ਪਰਮ ਪੁਰਖ ਪ੍ਰਭੂ ਦੀ ਨਦਰ ਦੇ ਪਾਤਰ ਹੋ ਗਏ ਹੋਣ । ਅਤੇ ਜਿਨ੍ਹਾਂ ਨੂੰ ਗੁਰੂ ਕਿਰਪਾਲ ਨੇ ਕਿਰਪਾ ਧਾਰ ਕੇ ਗੁਰਮਤਿ ਗੁਰਮੰਤ੍ਰ (ਨਾਮ) ਦ੍ਰਿੜਾ ਦਿਤਾ ਹੋਵੇ । ਬਸ ਜਿਨ੍ਹਾਂ ਨੂੰ ਇਸ ਬਿਧੇ ਹੀ ਗੁਰਮਤਿ ਨਾਮ ਗੁਰੂ ਦੁਆਰਿਓਂ ਦ੍ਰਿੜ੍ਹ ਹੋਇਆ ਤਿਨ੍ਹਾਂ ਦਾ ਨਾਮ ਜਪਣਾ ਹੀ ਥਾਇ ਪਇਆ ਤੇ ਦਰ ਪਰਵਾਨ ਹੋਇਆ ਹੈ ।

ਹਰਿ ਸਿਮਰਨ ਰੂਪੀ ਤੱਤ ਗੁਰਮਤਿ ਸੇਵਾ ਦੇ

[ ਬਾਕੀ ਦੇਖੋ ਸਫ਼ਾ ੧੨ ]



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ-ਦੀਦਾਰ

ਕਲਜੁਗ ਦੇ ਤਾਰਨਹਾਰ, ਗੁਰੂ ਗੱਦੀ ਉਤੇ ਬਿਰਾਜਮਾਨ, ਜ਼ਾਹਰਾ ਜ਼ਹੂਰ ਸਤਿਗੁਰੂ, ਸਰਬ ਕਲਾ ਭਰਪੂਰ, ਸਰਬ ਗੁਣਾਂ ਦੇ ਦਾਤੇ, ਧੰਨ ਧੰਨ ਸ੍ਰੀ ਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਦੀ ਮਹਿਮਾ ਅਪਰ ਅਪਾਰ ਹੈ। ਐਸੇ ਮਹਾਨ 'ਸਤਿਗੁਰੂ' ਜੀ ਦੇ ਜਿਸ 'ਸਿੱਖ' ਨੇ ਵੀ ਦਰਸ਼ਨ ਕੀਤੇ ਹਨ ਉਸ ਦਾ ਜਨਮ ਸਫਲ ਹੋਇਆ ਹੈ, ਉਸ ਦੀ ਘਾਲ ਥਾਇ ਪਈ ਹੈ, ਉਸ ਨੇ ਜੀਵਨ-ਬਾਜ਼ੀ ਜਿਤ ਲਈ ਹੈ। ਐਸੇ ਗੁਰਸਿਖ ਦਾ ਹਲਤ ਪਲਤ ਸਤਿਗੁਰੂ ਆਪ ਸੰਵਾਰਦੇ ਹਨ।

ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥ [ਸੁਖਮਨੀ ਸਾਹਿਬ, ੨੮੬

ਆਓ ! ਗੁਰ-ਉਪਦੇਸ਼ ਦੇ ਚਾਨਣੇ ਵਿਚ ਵਿਚਾਰ ਕਰੀਏ ਕਿ ਐਸੇ ਮਹਾਨ 'ਸਤਿਗੁਰੂ' ਦੇ '**ਦਰਸ਼ਨ**' ਤੋਂ ਭਾਵ ਕੀ ਹੈ ? ਅਤੇ ਇਹ ਦਰਸ਼ਨ ਕਿਵੇਂ ਹੋ ਸਕਦੇ ਹਨ ? ਮਹਾਂਵਾਕ ਹੈ :—

ਦਰਸਨ ਕਉ ਲੋਚੈ ਸਭੁ ਕੋਈ ॥ ਪੂਰੈ ਭਾਗਿ ਪਰਾਪਤਿ ਹੋਈ ॥ਰਹਾਉ॥ [ਸੂਹੀ ਮ: ੫, ੭੪੪

ਇਹ ਦਰਸ਼ਨ ਵਡੇ ਭਾਗਾਂ ਨਾਲ ਨਸੀਬ ਹੁੰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦੇ ਗੁਣਾਂ ਦਾ ਸਰੂਪ ਹਨ। ਇਸ 'ਪਰਤਖਿ ਸਰੂਪ' ਵਿਚ 'ਅਕਾਲੀ ਜੋਤਿ' ਬਿਰਾਜਮਾਨ ਹੈ। ਇਸ 'ਅਕਾਲੀ ਜੋਤਿ' ਦੇ ਦਰਸ਼ਨ ਕਰ ਲੈਣਾ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਸਲੀ 'ਦਰਸ਼ਨ' ਹਨ।

ਸਤਿਗੁਰ ਵਿਚਿ ਆਪੁ ਰਖਿਓਨੁ, ਕਰਿ ਪਰਗਟੁ ਆਖਿ ਸੁਣਾਇਆ ॥ [ਆਸਾ ਦੀ ਵਾਰ, ੪੬੬

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਮੂਲ ਸਰੂਪ' ਤਾਂ 'ਗੁਰੂ-ਬਾਣੀ' ਹੈ। ਗੁਰੂ-ਬਾਣੀ ਨਿਰੋਲ "ਆਤਮਕ ਅਵਾਜ਼" ਹੈ ਇਹ ਧੁਰਾਂ ਤੋਂ ਆਈ ਹੈ—

'ਧੁਰ ਕੀ ਬਾਣੀ ਆਈ ॥"

ਇਸ ਨਿਰੋਲ ਆਤਮਕ ਅਵਾਜ਼ ਨੂੰ ਪ੍ਰਗਟਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਜ਼ਾਹਰਾ ਸਰੂਪ' ਜ਼ਰੂਰੀ ਹੈ। ਇਹ "ਜ਼ਾਹਰਾ ਸਰੂਪ" 'ਅੰਦਰਲੇ ਨੂੰ ਪਰਗਟ ਕਰਨ ਲਈ ਹੈ। ਅਸਲ ਵਸਤੂ ਗੁਰੂ ਸਾਹਿਬ ਦਾ ਅੰਦਰਲਾ 'ਆਪਾ' ਭਾਵ 'ਗੁਰੂ ਜੋਤਿ' ਹੈ।

ਗੁਰੂ ਸਾਹਿਬ ਜੀ ਦੇ ਇਸ ਅੰਦਰਲੇ 'ਆਪੇ' ਦੇ ਅਸੀਂ ਆਪਣੇ ਅੰਦਰਲੇ ਆਪੇ ਨਾਲ ਹੀ ਦਰਸ਼ਨ-ਦੀਦਾਰ ਕਰ ਸਕਦੇ ਹਾਂ। ਜਿਵੇਂ ਹੁਕਮ ਹੈ :—

ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥੩॥ [ਮ: ੫, ਪੰਨਾ ੧੧੦੦

ਸਾਡਾ ਅਸਲ ਆਪਾ ਸਾਡਾ ਬਾਹਰਲਾ ਸਰੀਰ ਨਹੀਂ, ਸਗੋਂ ਸਾਡਾ ਅੰਦਰਲਾ, ਭਾਵ ਆਤਮਕ ਜੋਤਿ

---

[ ੧੧ ਸਫ਼ੇ ਦੀ ਬਾਕੀ ]

ਕਰਨਹਾਰ ਸੋਈ ਗੁਰਮੁਖ ਸੇਵਕ ਜਨ ਪ੍ਰਵਾਨ ਹਨ ਜਿਨ੍ਹਾਂ ਨੇ ਕੇਵਲ ਗੁਰਮਤਿ ਨਾਮ ਦੁਆਰਾ ਤੇ ਗੁਰਮਤਿ ਦ੍ਰਿੜਾਏ ਗੁਰਮੰਤ੍ਰ ਦੁਆਰਾ ਇਹ ਤਤ ਗੁਰਮਤਿ ਸਿਮਰਨ ਰੂਪੀ ਸੇਵਾ ਕੀਤੀ ਹੈ; ਜੈਸਾ ਕਿ ਨਿਮਨ ਲਿਖਤ ਗੁਰਵਾਕ ਸਿਧ ਕਰਦਾ ਹੈ:—

ਸੇਵਕ ਜਨ ਸੇਵਹਿ ਤੇ ਪਰਵਾਣੁ ਜਿਨ ਸੇਵਿਆ ਗੁਰਮਤਿ ਹਰੇ ॥ ਤਿਨ ਕੇ ਕੋਟਿ ਸਭਿ ਪਾਪ ਖਿਨੁ ਪਰਹਰਿ ਹਰਿ ਦੂਰਿ ਕਰੇ ॥ ਤਿਨ ਕੇ ਪਾਪ ਦੋਖ ਸਭਿ ਬਿਨਸੇ ਜਿਨ ਮਨਿ ਚਿਤਿ ਇਕੁ ਅਰਾਧਿਆ ॥ ਤਿਨ ਕਾ ਜਨਮੁ ਸਫਲਿਓ ਸਭੁ ਕੀਆ ਕਰਤੈ ਜਿਨ **ਗੁਰਬਚਨੀ** ਸਚੁ ਭਾਖਿਆ ॥ ਤੇ ਧੰਨ ਜਨ ਵਡ ਪੁਰਖ ਪੂਰੇ ਜੋ ਗੁਰਮਤਿ ਹਰਿ ਜਪਿ ਭਉ ਬਿਖਮੁ ਤਰੇ ॥ ਸੇਵਕ ਜਨ ਸੇਵਹਿ ਤੇ ਪਰਵਾਣੁ ਜਿਨ ਸੇਵਿਆ ਗੁਰਮਤਿ ਹਰੇ ॥੩॥

[ਤੁਖਾਰੀ ਮ: ੪, ਪੰਨਾ ੧੧੧੪

['ਗੁਰਮਤਿ ਲੇਖ' ਪੁਸਤਕ ਵਿਚੋਂ



www.AKJ.Org

ਹੀ ਸਾਡਾ ਅਸਲ 'ਆਪਾ' ਹੈ ।

ਸਾਡਾ ਪੰਜ-ਭੂਤਕ ਸਰੀਰ ਗੁਰੂ ਮਹਾਰਾਜ ਦੇ ਸਰੀਰਕ ਦਰਸ਼ਨ ਤਾਂ ਕਰ ਸਕਦਾ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਬਿਰਾਜ ਰਹੇ 'ਰੱਬੀ ਨੂਰ' ਦੇ ਦਰਸ਼ਨ ਦਿਬ-ਦ੍ਰਿਸ਼ਟੇ ਲੋਇਣਾਂ ਦੁਆਰਾ ਹੀ ਹੋ ਸਕਦੇ ਹਨ । ਇਹ ਦਿਬ-ਦ੍ਰਿਸ਼ਟੀ ਸਤਿਗੁਰਾਂ ਦੀ ਬਖ਼ਸ਼ਸ਼ ਨਾਲ ਹੀ ਪ੍ਰਾਪਤ ਹੁੰਦੀ ਹੈ ।

ਗੁਰੂ ਮਹਾਰਾਜ ਦੀ ਇਸ ਬਖ਼ਸ਼ਸ਼ ਨੂੰ ਪ੍ਰਾਪਤ ਕਰਨ ਲਈ ਸਾਨੂੰ ਗੁਰੂ ਮਹਾਰਾਜ ਦੇ ਦਰ ਤੇ ਸ਼ਰਧਾ ਤੇ ਭ ਵਨਾ ਨਾਲ ਹਾਜ਼ਰ ਹੋਣਾ ਪਵੇਗਾ, ਗੁਰੂ ਮਹਾਰਾਜ ਦੇ ਲੜ ਲਗਣਾ ਪਵੇਗਾ, ਗੁਰਬਾਣੀ ਰੂਪ 'ਗੁਰੂ' ਦੀ ਅਵਾਜ਼ ਨੂੰ ਸੁਨਣਾ ਪਵੇਗਾ ਤੇ ਉਸ ਨੂੰ ਮੰਨਣਾ ਹੋਵੇਗਾ ।

'ਹੁਕਮ' ਮੰਨ ਕੇ ਵੀ ਹਉਮੈ ਨੂੰ ਤਿਆਗਣਾ ਪਵੇਗਾ ਤੇ ਜੋਦੜੀ ਤੇ ਮਿੰਨਤ ਹੀ ਕਰਨੀ ਹੋਵੇਗੀ ।

ਜਦੋਂ ਗੁਰੂ ਪ੍ਰਸੰਨ ਹੋ ਜਾਣਗੇ ਤਾਂ ਆਪ 'ਬਖ਼ਸ਼ਸ਼' ਕਰ ਕੇ ਆਪਣੇ ਨਾਲ ਮੇਲ ਲੈਣਗੇ ।

ਮਿਲਿਐ ਮਿਲਿਆ ਨਾ ਮਿਲੈ, ਮਿਲੈ ਮਿਲਿਆ ਜੇ ਹੋਇ ॥ ਅੰਤਰ ਆਤਮੈ ਜੋ ਮਿਲੈ, ਮਿਲਿਆ ਕਹੀਐ ਸੋਇ ॥੩॥

[ਵਾਰ ਸੂਹੀ ਮ: ੨, ਪੰਨਾ ੭੯੧

(੨)

ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ-ਗੜੁ ਤੋੜਿਆ ॥ ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥ ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ ॥ ਮਹਾ ਰੋਗ ਬਿਕਰਾਲੁ ਤਿਨੈ ਬਿਦਾਰੂਓ ॥ ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥ ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥ ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥ ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥੧੬॥

[ਗੂਜਰੀ ਵਾਰ ਮ: ੫, ਪੰਨਾ ੫੨੨

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੁਗੋ ਜੁਗ ਅਟੱਲ 'ਸਤਿਗੁਰੂ' ਹਨ । ਇਨ੍ਹਾਂ ਅੰਦਰ 'ਗੁਰੂ ਜੋਤਿ' ਪਰਤਖਿ ਬਿਰਾਜਮਾਨ ਹੈ । ਜਿਸ ਤਰ੍ਹਾਂ, ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸਮ ਪਾਤਸ਼ਾਹ ਜੀ ਤਕ ਗੁਰੂ-ਸਰੀਰ ਤਾਂ ਭਾਵੇਂ ਬਦਲਦੇ ਰਹੇ ਹਨ ਤੇ ਸਮੇਂ ਅਨੁਸਾਰ ਉਨ੍ਹਾਂ ਦਵਾਰਾ ਵਰਤਾਏ ਜੀਵਨ-ਕੌਤਕ ਵੀ ਸਾਡੇ ਸਾਹਮਣੇ ਅਡੋ ਅਡ ਰੂਪ ਵਿਚ ਆਏ ਹਨ, ਪਰ ਇਹ ਅਟੱਲ ਸਚਾਈ ਹੈ ਕਿ ਉਨ੍ਹਾਂ ਅੰਦਰ ਬਿਰਾਜਮਾਨ 'ਗੁਰੂ ਜੋਤਿ' ਇਕੋ ਹੀ ਸੀ ਤੇ ਉਸ ਜੋਤਿ ਦੀ ਰਹਿਨੁਮਾਈ ਵਿਚ ਵਰਤੇ ਸਾਰੇ ਸਾਕੇ ਵੀ ਇਕੋ 'ਜੁਗਤਿ' ਦਾ ਹੀ ਅੰਗ ਸਨ। ਜੋਤਿ ਅਤੇ ਜੁਗਤਿ ਇਕੋ ਹੀ ਸੀ ।

'ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥ [ਰਾਮਕਲੀ ਕੀ ਵਾਰ, ੯੬੬

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਗੁਰੂ ਜੋਤਿ' ਦੇ ਮਾਲਕ ਹੋਣ ਕਰਕੇ ਹੀ ਗੁਰੂ-ਗੱਦੀ ਦੇ ਮਾਲਕ ਥਾਪੇ ਗਏ ਹਨ ਅਤੇ ਗੁਰੂ-ਗੱਦੀ ਤੇ ਜੁਗੋ ਜੁਗ ਬਿਰਾਜਮਾਨ ਹਨ ।

ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ 'ਸਿਖ' ਉਸੇ ਵੇਲੇ ਹੀ ਬਣਦੇ ਹਾਂ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ 'ਗੁਰੂ' ਮੰਨ ਲਵੀਏ । ਜੇ ਅਜਿਹਾ ਹੋ ਜਾਏ ਤਾਂ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਆਏ 'ਹੁਕਮ' ਸਾਡੇ ਲਈ ਅਵੱਸ਼ ਹੀ ਮੰਨਣਯੋਗ ਹਨ । ਜਿਉਂ ਜਿਉਂ ਅਸੀਂ ਇਹਨਾਂ ਹੁਕਮਾਂ ਨੂੰ ਮੰਨਾਂਗੇ, ਅੰਤਰ ਆਤਮੇ ਸਾਡਾ ਓਨਾ ਓਨਾ ਹੀ ਗੁਰੂ ਨਾਲ ਮੇਲ ਹੁੰਦਾ ਜਾਵੇਗਾ ।

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥ [ਆਸਾ ਦੀ ਵਾਰ, ੪੭੧

ਗੁਰੂ ਬਾਣੀ ਰੂਪੀ 'ਹੁਕਮ' ਨੂੰ ਮੰਨਣਾ ਹੀ ਦਰ-ਅਸਲ 'ਗੁਰੂ ਗ੍ਰੰਥ ਸਾਹਿਬ' ਜੀ ਨੂੰ ਆਪਣਾ 'ਗੁਰੂ' ਮੰਨਣਾ ਹੈ। ਜਿਸ ਗੁਰਸਿਖ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨਿਆ ਹੈ ਉਹ ਸਮਝੋ 'ਗੁਰੂ' ਦੇ 'ਹੁਕਮ' ਵਿਚ ਬਝ ਗਿਆ ਹੈ। ਉਸ ਦਾ ਰਹਿਣ ਸਹਿਣ, ਕਾਰ ਵਿਹਾਰ ਤੇ ਬੋਲ ਚਾਲ ਗੁਰੂ-ਆਸ਼ੇ ਅਨੁਸਾਰ ਹੀ ਹੋਵੇਗੀ । ਗੁਰੂ ਦੀ ਪ੍ਰਸੰਨਤਾ ਲਈ ਉਹ ਗੁਰੂ-ਹੁਕਮ ਨੂੰ ਮੰਨਣ ਵਿਚ ਖ਼ੁਸ਼ੀ ਅਨੁਭਵ ਕਰੇਗਾ ।

[ਬਾਕੀ ਦੇਖੋ ਸਫਾ ੧੬ ਹੇਠ]



www.AKJ.Org

# ਵਿਚਹੁ ਮਾਰਿ ਕਢੀਆਂ ਬੁਰਿਆਈਆਂ

[ਵਲੋਂ—ਗਿ: ਗੋਪਾਲ ਸਿੰਘ ਜੀ 'ਮਿਤਰ' ਮਾਲਬ]

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰੰਕਾਰ ਤੋਂ ਭੁਲੀ ਸਾਹ-ਸਤ ਧਰਮਹੀਣ ਜਨਤਾ ਵਿਚ ਸਾਹਸ ਤੇ ਉਤਸ਼ਾਹ ਭਰਨ ਲਈ ਤੇ ਮਨੁਖਾ ਜਨਮ ਸਫ਼ਲ ਕਰਨ ਲਈ ਨੇਕੀ ਤੇ ਸਚਾਈ ਦੇ ਰਾਹ ਤੇ ਪਾਣ ਵਾਸਤੇ ਚਾਰ ਉਦਾਸੀਆਂ (ਪ੍ਰਚਾਰ-ਫੇਰੀਆਂ) ਧਾਰਨ ਕੀਤੀਆਂ। ਭਾਈ ਗੁਰਦਾਸ ਜੀ ਨੇ ਲਿਖਿਆ ਹੈ, 'ਚੜਿਆ ਸੋਧਣ ਧਰਤਿ ਲੁਕਾਈ'।

ਆਪ ਨੂੰ ਇਸ ਸਮੇਂ ਵਿਚ ਥਾਂ ਥਾਂ ਤੇ ਜ਼ਾਲਮ, ਨਿਰਦਈ,ਰਾਖਸ਼ ਬ੍ਰਿਤੀ ਵਾਲੇ, ਲੋਭੀ, ਲੰਪਟ,ਹੰਕਾਰੀ, ਜਾਤ-ਅਭਿਮਾਨੀ, ਕ੍ਰੋਧੀ, ਈਰਖਾਲੂ ਆਦਿ ਹਰ ਪ੍ਰਕਾਰ ਦੇ ਅਧਮ ਮੰਦ-ਕਰਮੀ ਲੋਕਾਂ ਨਾਲ ਰਾਹ ਤੇ ਵਾਹ ਪਿਆ। ਆਪ ਪੂਰਨ ਵੈਦ ਹੋ ਕੇ ਅਵਤਰੇ ਅਤੇ ਉਨ੍ਹਾਂ ਦੇ ਮਨਾਂ ਵਿਚ ਘਰ ਕਰ ਚੁਕੀਆਂ ਆਤਮਕ-ਬੀਮਾਰੀਆਂ ਦਾ ਇਲਾਜ ਕੀਤਾ। ਜਿਵੇਂ ਡਾਕਟਰ ਕਿਸੇ ਅੰਗ ਵਿਚ ਭਰ ਚੁਕੀ ਗੰਦਗੀ ਨੂੰ ਅਪਰੇਸ਼ਨ ਦੁਆਰਾ ਕਢਕੇ ਸ੍ਰੀਰ ਨੂੰ ਅਰੋਗ ਕਰ ਦੇਂਦਾ ਹੈ, ਇਸੇ ਤਰ੍ਹਾਂ ਆਪ ਨੇ ਸਮੇਂ ਦੇ ਵਾਤਾਵਰਨ ਅਨੁਸਾਰ ਆਪਣੇ ਅਮਲੀ ਜੀਵਨ ਤੇ ਸਚੇ ਸੁਚੇ ਉਪਦੇਸ਼ ਦੁਆਰਾ ਹਰੇਕ ਹਿਰਦੇ ਵਿਚ ਧਸੀਆਂ ਹੋਈਆਂ ਬੁਰਿਆਈਆਂ ਤੇ ਊਣਤਾਈਆਂ ਨੂੰ ਕਢ ਕੇ ਐਸਾ ਵਿਚਾਰ-ਸ਼ੀਲ ਬਣਾ ਦਿਤਾ ਕਿ ਉਹ ਸਮਾਜ ਦਾ ਇਕ ਨਰੋਆ ਅੰਗ ਬਣ ਗਏ।

ਆਪ ਸੰਸਾਰਕ ਦੁਖਾਂ ਸੁਖਾਂ ਤੋਂ ਉਪਰ ਰਹਿੰਦੇ ਹੋਏ ਪਰਬਤਾਂ, ਝੀਲਾਂ, ਸਮੁੰਦਰਾਂ, ਬਨਾਂ, ਜੰਗਲਾਂ, ਬਿਖੜੀਆਂ ਘਾਟੀਆਂ ਨੂੰ ਉਲਾਂਘਦੇ ਇਨ੍ਹਾਂ ਅਚਾਰ ਤੇ ਵੀਚਾਰ-ਹੀਣ ਲੋਕਾਂ ਕੋਲ ਪੁਜੇ ਅਤੇ ਅਧਿਕਾਰੀ ਜਨਾਂ ਨੂੰ "ਜੀਆ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਇ" ਦਾ ਉਪਕਾਰ ਕੀਤਾ।

ਇਸ ਮਾਨਵ-ਭਲਾਈ ਦੇ ਕਾਰਜ ਲਈ ਦਿਨ ਰਾਤ ਦਰਗਾਹੀ ਪ੍ਰੋਗਰਾਮ ਅਨੁਸਾਰ ਦੇਸ਼ਾਟਨ ਕੀਤੇ। ਕਿਤੇ ਵਿਅੰਗੀ ਕੌਤਕ ਵਿਖਾਏ, ਕਿਤੇ ਅਲਾਹੀ ਤਰਾਨੇ ਅਲਾਪੇ, ਕਿਤੇ ਗੁਰਬਾਣੀ ਦੇ ਮਿਠ-ਰਸ ਉਪਦੇਸ਼ਾਂ ਰਾਹੀਂ ਜੀਵਨ ਪਲਟ ਦਿਤੇ, ਅਤੇ ਹੈ ਹੈ ਕਰਦੀ ਲੁਕਾਈ ਨੂੰ ਨਾਮ ਦੀ ਬਰਖਾ ਕਰ ਕੇ ਠਾਰਿਆ। ਜਿਸ ਥਾਂ ਤੇ ਕਿਸੇ ਦੇ ਸੁਧਾਰ ਦਾ ਜੋ ਵੀ ਸਾਧਨ ਦਿਸਿਆ, ਵਰਤਿਆ। ਆਪ ਸਮੇਂ ਅਨੁਸਾਰ ਐਸਾ ਢੰਗ ਵਰਤਦੇ ਸਨ ਕਿ ਲੋਕ ਆਪਣੇ ਆਪ ਹੀ ਆਪ ਦੇ ਨੇੜੇ ਆ ਜਾਂਦੇ ਸਨ। ਇਤਿਹਾਸ ਦਸਦਾ ਹੈ ਕਿ ਜੋ ਵੀ ਆਪ ਦੇ ਨੇੜੇ ਆਇਆ ਉਸ ਦੇ ਅੰਦਰਲੇ ਵਿਚੋਂ ਖੋਟੀਆਂ ਵਾਸ਼ਨਾਵਾਂ, ਸਮਾਜਕ ਖ਼ਾਮੀਆਂ ਕਢ ਕੇ ਉਸ ਨੂੰ ਮਾਨਵ-ਪਿਆਰ ਦੀ ਸੁਗੰਧੀ ਨਾਲ ਭਰਪੂਰ ਕੀਤਾ ਤੇ ਨਰੋਆ ਜੀਵਨ ਬਖ਼ਸ਼ ਦਿਤਾ।

ਉਦਾਹਰਨਾਂ :—

ਹਰਦੁਆਰ ਵਿਖੇ ਵਿਅੰਗਮਈ ਤ੍ਰੀਕੇ ਨਾਲ ਪਛਮ ਵਲ ਪਾਣੀ ਉਛਾਲ ਕੇ ਉਨ੍ਹਾਂ ਦਾ ਪਿਤਰੀ ਭਰਮ ਦੂਰ ਕੀਤਾ। ਕੌਡੇ ਰਾਖਸ਼ ਦੇ ਤਪਦੇ ਕੜਾਹੇ ਨੂੰ ਮਿਹਰ-ਨਦਰ ਨਾਲ ਠਾਰ ਕੇ ਉਸ ਦੀ ਮਾਨਵ-ਮਾਰੂ ਬ੍ਰਿਤੀ ਦਾ ਕਾਇਆ-ਕਲਪ ਕੀਤਾ। ਬੰਗਾਲ ਵਿਚ ਜਾ ਕੇ ਨੂਰ ਸ਼ਾਹ ਜਾਦੂਗਰਨੀ ਦੇ ਘਰ ਚਰਨ ਪਾਏ ਤੇ ਉਸਨੂੰ ਪ੍ਰੇਮ ਪਿਆਰ ਦੀ ਜੀਵਨ-ਸੇਧ ਦੇ ਕੇ ਨਿਹਾਲ ਕੀਤਾ। ਸਜਣ ਠੱਗ ਪ੍ਰਤਿ "ਉਜਲ ਕੈਹਾ ਚਿਲਕਣਾ" ਸ਼ਬਦ ਉਚਾਰਨ ਕਰ ਕੇ ਉਸਦੇ ਅੰਦਰਲੇ ਨੂੰ ਹਲੂਣਿਆ ਤੇ ਸੰਤ ਬਣਾ ਦਿਤਾ। ਭੂਮੀਏ ਚੋਰ ਨੂੰ ਸਚ ਬੋਲਣਾ, ਲੂਣ ਖਾ ਕੇ ਬੁਰਾ ਨਹੀਂ ਕਰਨਾ, ਗਰੀਬ ਮਾਰ ਨਾ ਕਰਨਾ—ਤਿੰਨ ਗੱਲਾਂ ਦਾ ਪ੍ਰਣ ਕਰਵਾ ਕੇ ਉਸ ਦਾ ਜੀਵਨ ਪਲਟ ਦਿਤਾ। ਵਲੀ ਕੰਧਾਰੀ ਤੇ ਹਮਜ਼ਾ ਗੌਂਸ ਦੀ ਸ਼ਕਤੀ ਖਿਚ ਕੇ ਉਨ੍ਹਾਂ ਦਾ ਹੰਕਾਰ ਦੂਰ ਕੀਤਾ। ਮੱਕੇ ਵਿਚ ਕਾਅਬੇ ਨੂੰ ਫਿਰਦਾ ਵਿਖਾ ਕੇ ਤੇ ਬਗ਼ਦਾਦ ਵਿਚ "ਪਾਤਾਲਾ ਪਤਾਲ ਲਖ ਆਕਾਸਾ ਅਕਾਸ" ਦੇ ਪ੍ਰਤਖ ਦਰਸ਼ਨ ਕਰਾ ਕੇ ਉਨ੍ਹਾਂ ਨੂੰ ਰਬ ਦੇ ਅਸੀਮ ਤੇ ਲਾ-ਮਹਦੂਦ ਹੋਣ ਦਾ ਗਿਆਨ ਬਖਸ਼ਿਆ।

[ਬਾਕੀ ਦੇਖੋ ਸਫ਼ਾ ੧੫ ਹੇਠ]



www.AKJ.Org

# ਨਨਕਾਣੇ ਦੀ ਯਾਦ

[ਵਲੋਂ—ਗਿ: ਗੋਪਾਲ ਸਿੰਘ ਜੀ 'ਮਿੱਤਰ' ਮਾਲਬ (ਗੁੜਗਾਉਂ) ]

ਗੁਰੂ ਨਾਨਕ ਪ੍ਰਕਾਸ਼ ਦਿਹਾੜਾ, ਜਿਉਂ ਜਿਉਂ ਨੇੜੇ ਆਵੇ।
ਤਿਉਂ ਤਿਉਂ ਸਭ ਦੇ ਮਨ ਨੂੰ, ਜਨਮ-ਅਸਥਾਨ ਦੀ ਯਾਦ ਸਤਾਵੇ।
ਪਾਕ ਪਵਿੱਤਰ ਉਸ ਜ਼ਿਮੀ ਦੇ ਸਾਹਵੇਂ ਆਉਣ ਨਜ਼ਾਰੇ।
ਦਿਲ-ਖਿਚਵੇਂ ਮਨ-ਮੋਹਣੇ ਲਗਦੇ, ਸੋਹਣੇ ਪਿਆਰੇ ਪਿਆਰੇ।

ਓਹ ਸਚ - ਖੰਡੀ ਵਾਯੂ-ਮੰਡਲ, ਵਾਤਾ-ਵਰਣ ਸੁਖਾਵਾਂ।
ਤਲਵੰਡੀ ਦੀ ਬਾਰ ਅਨੂਠੀ, ਘਣੀਆਂ ਠੰਡੀਆਂ ਛਾਵਾਂ।
ਜਿਸ ਧਰਤੀ ਤੇ ਧੰਨ ਗੁਰੂ ਨਾਨਕ, ਬੱਤੀ ਸਾਲ ਗੁਜ਼ਾਰੇ।
"ਆਪਿ ਨਰਾਇਣ ਕਲਾ ਧਾਰਿ" ਕੇ, ਮੱਝਾਂ ਡੰਗਰ ਚਾਰੇ।

ਜਿੱਥੇ ਸੱਚ ਦੇ ਸੌਦੇ ਕੀਤੇ, ਸਾਧਾਂ ਤਾਈਂ ਖੁਆ ਕੇ।
ਦਿਤਾ ਆਤਮ - ਦਾਨ ਅਨੇਕਾਂ, 'ਸਤਿਨਾਮ' ਦ੍ਰਿੜ੍ਹਾ ਕੇ।
ਜਿਸ ਸਥਾਨ ਤੇ ਕਰੀ ਅਨੂਪਮ, ਬਾਲ ਰੂਪ ਵਿਚ ਲੀਲ੍ਹਾ।
ਦਿਸਦਾ ਨਹੀਂ ਅਸਾਨੂੰ ਅਜ, 'ਕਿਆਰਾ' ਓਹ ਰੰਗੀਲਾ।

ਜਿੱਥੇ ਪਾਂਧੇ ਤੇ ਪ੍ਰੋਹਤ ਨੂੰ, ਚਾਨਣ ਰਾਹ ਦਿਖਾਇਆ।
ਮੁੱਲਾਂ ਦੇ ਮਨ ਦੀ ਮਲ ਲਾਹ ਕੇ, ਸੱਚੇ ਰਸਤੇ ਲਾਇਆ।
ਜਿੱਥੇ 'ਰਾਇ ਬੁਲਾਰ' ਨੂੰ ਬਖ਼ਸ਼ੀ, ਮਤਿ, ਬੁਧਿ, ਸ਼ਕਤਿ ਉਚੇਰੀ।
ਜਿੱਥੇ ਪਿਤਾ ਦੀਆਂ ਝਿੜਕਾਂ ਜਰੀਆਂ, ਰੱਬ ਰੂਪ ਕਈ ਵੇਰੀ।

ਜਿੱਥੇ ਸੁੰਦਰ ਚਰਨ ਕੰਵਲਾਂ ਦੀ, ਛਾਪ ਅਮਿਟਵੀਂ ਲੱਗੀ।
ਬਾਲ ਰੂਪ ਨਾਨਕ ਦੇ ਮੁਖ ਤੋਂ, ਨੈਂ ਨਾਮ ਦੀ ਵੱਗੀ।
ਜਿੱਥੋਂ ਦਾ ਹਰ ਪੱਤਾ ਪੱਤਾ, ਭੇਦ ਅਗੰਮੀ ਖੋਲ੍ਹੇ।
ਜਿੱਥੋਂ ਦਾ ਹਰ ਜ਼ੱਰਾ ਜ਼ੱਰਾ, 'ਧੰਨ ਗੁਰੂ ਨਾਨਕ' ਬੋਲੇ।

ਅਜ ਕੇਵਲ ਨਕਸ਼ੇ ਹੀ ਨਕਸ਼ੇ, ਆਉਣ ਅੱਖੀਆਂ ਸਾਹਵੇਂ।
ਫਿਰਦੇ ਦਿਸਨ ਫ਼ਿਲਮ-ਰੀਲ ਦੇ ਵਾਂਗੂ ਉਹ ਪਰਛਾਵੇਂ।
ਕਰ ਦਿਤਾ ਮਜਬੂਰ ਸਮੇਂ ਨੇ, ਜਿਹਾ ਵਰਤਿਆ ਭਾਣਾ।
ਵਾਤਾਵਰਨ ਵਿਸੂਲਾ ਬਣਿਆ, ਵਿਛੜ ਗਿਆ 'ਨਨਕਾਣਾ'।

---

[ ੧੪ ਸਫ਼ੇ ਦੀ ਬਾਕੀ ]

ਬਾਬਰ ਦੀ ਜੇਲ੍ਹ ਵਿਚ ਚੱਕੀ ਦਾ ਕੌਤਕ ਵਿਖਾ ਕੇ ਵੰਗਾਰ ਵਿਚ ਫੜੇ ਹੋਏ ਸੰਤਾਂ ਫ਼ਕੀਰਾਂ ਨੂੰ ਛੁਟਕਾਰਾ ਦਿਵਾਇਆ ਤੇ ਮਲਕ ਭਾਗੋ ਦੇ ਪਕਵਾਨ ਵਿਚੋਂ ਚੋਂਦਾ ਲਹੂ ਵਿਖਾ ਕੇ ਉਸ ਦਾ ਜਾਤਿ-ਅਭਮਾਨ ਦੂਰ ਕੀਤਾ, ਆਦਿ।

ਆਪ ਜੀ ਦੀ ਉਚਾਰੀ ਬਾਣੀ ਦੇ ਉਚੇ ਸੁਚੇ ਉਪਦੇਸ਼, ਅਮੋਘ ਬਾਣ, ਮਨੁੱਖੀ ਹਿਰਦਿਆਂ ਦੀਆਂ ਆਸੁਰੀ ਤੇ ਰਾਖ਼ਸ਼ੀ ਬ੍ਰਿਤੀਆਂ ਨੂੰ ਵਿੰਨ੍ਹ ਕੇ ਮਾਰ ਕਢਦੇ ਹਨ।



www.AKJ.Org

# ਸਾਈਂ ਦਰ ਤੇ........

[ਵਲੋਂ—ਨਾਇਬ ਸੂਬੇਦਾਰ ਹਰਭਜਨ ਸਿੰਘ ਸਿੱਧੂ]

ਅਰਸ਼ੀ ਪ੍ਰੀਤਮ ! ਚੰਜੀ ਦਾਤੇ !! ਤੇਰੀ ਮਹਿਮਾ ਡਾਢੀ।
ਰਤਾ ਭਰ ਵੀ ਵਰਨਣ ਕਰੀਏ, ਕੀ ਮਜਾਲ ਹੈ ਸਾਡੀ।
ਜੀਵਨ-ਬਾਗ਼ ਚੋਂ ਸੰਗ੍ਰਹਿ ਕੀਤੇ, ਸਧਰਾਂ ਨਾਲ ਸਜਾਏ,
ਅਨਮੋਲ ਗੀਤ ਗੁਲਦਸਤੇ ਨੂੰ ਅੱਜ, ਭੇਂਟ ਚੜ੍ਹਾਵਾਂ ਤੁਹਾਡੀ।੧।
ਦਿਲਾਂ ਦੇ ਮਹਿਰਮ ਪ੍ਰੀਤਮ ਜੀਉ ! ਕਰਦਾ ਹਾਂ ਮੈਂ ਅਰਜ਼ਾਂ।
ਰੱਖੋ ਚਰਨਾਂ ਵਿਚ ਹੀ ਮੈਨੂੰ, ਅੰਮ੍ਰਿਤ ਪੀ ਪੀ ਰੱਜਾਂ।
"ਰਾਜੁ ਨ ਚਾਹਉ ਮੁਕਤਿ ਨਾ ਚਾਹਉ." ਪ੍ਰੀਤੀ ਚਰਨ ਕਮਲ ਦੀ,
ਜਿਸ ਪਲ ਤੈਥੋਂ ਵਿਛੜਾਂ ਸਾਈਂ, ਤਤਖਿਨ ਹੀ ਮੈਂ ਮਰ ਜਾਂ।੨।
ਯਾਦ ਤੇਰੀ ਸਦ ਦਿਲ ਤੇ ਰਹਿੰਦੀ, ਐ ਮੇਰੇ ਸਿਰਜਨਹਾਰੇ।
ਜੀਅੜਾ ਲੁੱਛਦਾ, ਵੱਸ ਨੀ ਰਹਿੰਦਾ, ਔਂਸੀਆਂ ਪਾਂਦਾ ਹਾਰੇ।
ਝੂਠੇ ਜਗਤ ਝਮੇਲੇ ਮੋਹਨ, ਸਾਰੇ ਹੀ ਮਿਟ ਜਾਵਣ,
ਇੱਕ ਵਾਰੀ ਜੇ ਸੱਜਨ ਸਾਈਂ, ਦਰਸ ਦਿਖਾਵੇਂ ਨਿਆਰੇ।੩।
ਹੇ ਮੇਰੇ ਦਾਤਾ ! ਜੱਗ ਦੇ ਵਾਲੀ !! ਤੇਰੇ ਚੋਜ ਨਿਆਰੇ।
ਆਪੇ ਆਪ ਉਪਾਏਂ ਤਿਨ੍ਹਾਂ ਨੂੰ ਤੇਰੇ ਜੋ ਅਤਿ ਪਿਆਰੇ।
ਕੀੜਾ ਥਾਪ ਦੇਵੇਂ ਪਾਤਸ਼ਾਹੀ, ਅਜਬ ਖੇਲ ਤੂੰ ਕਰਦੈਂ,
ਨੀਚੋਂ ਊਚ ਕਰੇਂ ਖਿਨ ਮਾਹੀਂ, ਊਚੇ ਭੁਇੰ ਉਤਾਰੇਂ।੪।
ਨਾ ਮਿਲੇਂ ਤੂੰ ਜੰਗਲ ਬੇਲੇ, ਨਾ ਤੀਰਥ ਟੁੱਬੀ ਲਾਏ।
ਨਾ ਮਿਲਦੈਂ ਗੋਡੇ ਟੇਕਿਆਂ, ਨਾ ਸਿਰ 'ਚ ਸੁਆਹ ਪੁਆਏ।
ਦਿਲਹੁ ਮੁਹੱਬਤ ਹੈ ਜਿਨ੍ਹਾਂ, ਤੈਨੂੰ ਉਹੀ ਲੱਭ ਸਕਦੈ,
ਨਾ ਮਿਲੇਂ ਤੂੰ ਸਾਹ ਘੜੀਸਿਆਂ, ਨਾ ਕੇਸੀਂ ਮੂੰਡ ਮੂੰਡਾਏ।੫।

---

[੧੩ ਸਫੇ ਦੀ ਬਾਕੀ]

ਐਸਾ ਹੁਕਮੀ ਸਿਖ 'ਗੁਰੂ ਜੋਤਿ' ਅਤੇ 'ਗੁਰੂ-ਜੁਗਤਿ ਦੋਹਾਂ ਉਤੇ ਪੂਰਾ ਭਰੋਸਾ ਰਖੇਗਾ।

ਕਲਗੀਆਂ ਵਾਲੇ ਸਤਿਗੁਰੂ ਜੀ ਨੇ ਸਿਖ ਨੂੰ 'ਗੁਰੂ ਜੋਤਿ' ਅਤੇ 'ਗੁਰੂ-ਜੁਗਤਿ' ਦੇ ਲੜ ਲਾਇਆ ਹੈ, ਭਾਵ ਸਿਖ ਨੇ ਗੁਰੂ-ਜੋਤਿ ਦੇ ਮਾਲਕ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਗੁਰੂ' ਮੰਨਣਾ ਹੈ ਅਤੇ ਨਾਲ ਹੀ ਅਵਸ਼ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਗੁਰੂ-ਹੁਕਮ ਦਵਾਰਾ ਗੁਰੂ-ਜੁਗਤ ਦੇ ਮਾਲਕ 'ਗੁਰੂ-ਪੰਥ' ਨੂੰ 'ਗੁਰੂ' ਮੰਨਣਾ ਹੈ।

'ਗੁਰੂ ਗ੍ਰੰਥ' ਅਤੇ 'ਗੁਰੂ ਪੰਥ' ਦਾ ਹੁਕਮ ਮੰਨ ਕੇ ਹੀ ਅਸੀਂ ਗੁਰੂ ਦੇ ਸਿਖ ਅਖਵਾ ਸਕਦੇ ਹਾਂ।

ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ ॥ ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ ॥ ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿਨਾਮਿ ਸੁਣਿਐ ਮਨਿ ਅਨਦੁ ਭਇਆ ॥ ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿਨਾਮੁ ਲਇਆ ॥ ਤਿਸੁ ਗੁਰਸਿਖੁ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ।੧੮।

[ਵਡਹੰਸ ਕੀ ਵਾਰ, ਪੰਨਾ ੫੯੩



www.AKJ.Org

## ਮੈਂ ਤੈਥੋਂ ਬਲਿਹਾਰ ਹੇ ਨਾਨਕ

[ ਵਲੋਂ:—ਬੀਬੀ ਰਜਵੰਤ ਕੌਰ ਜੀ 'ਉਦਾਸ' ਚੰਡੀਗੜ੍ਹ ]

ਅੱਜ ਸੁਹਣਾ ਖ਼ੁਸ਼ੀਆਂ ਦਾ ਦਿਨ ਹੈ,
ਤੈਥੋਂ ਮੰਗਾਂ ਪਿਆਰ ਹੇ ਨਾਨਕ !
ਸਿੱਖੀ ਸਿਦਕ, ਕਮਾਵਾਂ ਸੇਵਾ,
ਦਾਨ ਕਰੋ ਦਾਤਾਰ, ਹੇ ਨਾਨਕ !

ਰਵ੍ਹਾਂ ਹਜ਼ੂਰੀ ਵਿੱਚ ਮੈਂ ਸਾਈਆਂ,
ਸੁਣ ਲਉ ਇਹੋ ਪੁਕਾਰ, ਹੇ ਨਾਨਕ !
ਨਾਮ ਦਾ ਗੇੜਾ, ਨਾਮ ਦਾ ਖੇੜਾ,
ਲਾ ਦਿਉ ਸਦਾ ਬਹਾਰ, ਹੇ ਨਾਨਕ !

ਹੈਂ ਤੂੰ ਹੈਂ, ਹੋਸੀ ਭੀ ਤੂੰ ਹੀ,
ਤੂੰ ਸੱਚਾ ਸਚਿਆਰ, ਹੇ ਨਾਨਕ !
ਮੈਂ ਪਾਪੀ ਹਾਂ, ਪਰਮ ਪਖੰਡੀ,
(ਤੂੰ) ਸਦ ਹੀ ਬਖ਼ਸ਼ਣਹਾਰ,ਹੇ ਨਾਨਕ !

ਜੀਵਨ–ਬੇੜੀ, ਬਾਬਾ ਮੇਰੀ,
ਫਸੀ ਵਿਚ ਮੰਝਧਾਰ, ਹੇ ਨਾਨਕ !
ਲਾ ਦਿਉ ਚੱਪੂ, ਕਰੋ ਇਹ ਬਖ਼ਸ਼ਸ਼,
ਹੋ ਜਾਏ ਬੇੜਾ ਪਾਰ, ਹੇ ਨਾਨਕ !

ਤੇਰੇ ਘਰ ਅਨੰਦ ਹੈ ਬਾਬਾ,
ਤੈਨੂੰ ਲੱਖ ਲੱਖ ਵਧਾਈ ਹੋਵੇ ।
ਗੁਰੂ ਗ੍ਰੰਥ ਤੇ ਖ਼ਾਲਸਾ ਪੰਥ ਦੀ,
ਦਿਨ ਦਿਨ ਸ਼ਾਨ ਸਵਾਈ ਹੋਵੇ ।

ਸੇਵਾ ਸਿਮਰਨ ਸਿਫਤ ਤੇ ਸ਼ਾਂਤੀ,
(ਮੇਰੇ) ਲੂੰ ਲੂੰ ਵਿਚ ਸਮਾਈ ਹੋਵੇ ।
ਸੁਰਤਿ ਤੇਰੇ ਚਰਨਾਂ ਵਿਚ ਟਿਕੇ,
ਜਗਜੀਵਨ, ਜੋਤਿ ਜਗਾਈ ਹੋਵੇ ।

ਤੇਰਾ ਕੀਆ ਤੁਝੇ ਕਿਆ ਅਰਪੋਂ,
ਤੈਨੂੰ ਸਦਾ ਨਮਸਕਾਰ, ਹੇ ਨਾਨਕ !
ਤੂੰ ਦਾਤਾ, ਮੈਂ ਮੰਗਤੀ ਤੇਰੀ,
ਮੈਂ ਤੈਥੋਂ ਬਲਿਹਾਰ, ਹੇ ਨਾਨਕ !

## ਮੇਰਾ ਪੱਕਾ ਯਾਰ ਹੈ ਨਾਨਕ

[ ਵਲੋਂ : ਕਾਕਾ ਜਸਵਿੰਦਰਪਾਲ ਸਿੰਘ 'ਉਦਾਸ' ਚੰਡੀਗੜ੍ਹ]

ਮੈਂ ਹਾਂ ਨੌਂ ਸਾਲਾ ਦਾ ਬੱਚਾ,
ਕਰਦਾ ਮੈਨੂੰ ਪਿਆਰ ਹੈ ਨਾਨਕ ।
ਜੋ ਮੰਗਾਂ ਸੋ ਮੈਨੂੰ ਦੇਂਦਾ,
ਲੈਂਦਾ ਮੇਰੀ ਸਾਰ ਹੈ ਨਾਨਕ ।

ਦੁੱਖੀਆਂ ਦੇ ਦੁੱਖਾਂ ਨੂੰ ਹਰਦਾ,
ਸੁਣਦਾ ਸਦਾ ਪੁਕਾਰ ਹੈ ਨਾਨਕ ।
ਮੈਂ ਹਾਂ ਉਸ ਦੇ ਦਰ ਦਾ ਮੰਗਤਾ,
ਮੇਰਾ ਵੱਡਾ ਦਾਤਾਰ ਹੈ ਨਾਨਕ ।

ਮਾਂ ਤ੍ਰਿਪਤਾ ਦੀ ਅੱਖ ਦਾ ਤਾਰਾ,
ਕਾਲੂ ਦਾ ਪਰਵਾਰ ਹੈ ਨਾਨਕ ।
ਭੈਣ ਨਾਨਕੀ ਨੂੰ ਅਤਿ ਪਿਆਰਾ,
ਬੁਝਦਾ ਦਿਲ ਦੀ ਤਾਰ ਹੈ ਨਾਨਕ ।

ਮਿੱਠ-ਬੋਲੜਾ, ਤੱਤਾ ਨਹੀਂ ਉਹ,
ਸੀਤਲ ਠੰਡਾ-ਠਾਰ ਹੈ ਨਾਨਕ ।
ਕੌਡੇ, ਸੱਜਣ ਠੱਗ ਵਰਗੇ ਦਾ,
ਖਿਨ ਵਿਚ ਕਰੇ ਉਧਾਰ ਹੈ ਨਾਨਕ ।

ਸਾਧ ਸੰਗਤ ਜੀ ! ਅੱਜ ਦੇ ਦਿਨ,
ਪ੍ਰਗਟਿਆ ਗੁਰ ਅਵਤਾਰ ਹੈ ਨਾਨਕ ।
ਰਾਗ ਰਾਗਨੀ ਮੰਗਲ ਗਾਇਆ,
ਜੈ ਜੈ ਜੈ ਜੈਕਾਰ ਹੈ ਨਾਨਕ ।

ਜੋਤਿ ਇਕ ਦਸ ਜਾਮੇ ਧਾਰੇ,
ਗੁਰੂ ਗ੍ਰੰਥ ਵਿਚਕਾਰ ਹੈ ਨਾਨਕ ।
ਮੱਥਾ ਟੇਕੋ ਕਰੋ ਦੀਦਾਰੇ,
ਆਖੋ ਧੰਨ ਨਿਰੰਕਾਰ ਹੈ ਨਾਨਕ ।

ਖ਼ੁਦ ਖ਼ੁਦਾਇ ਹੈ ਬਾਬਾ ਮੇਰਾ,
ਕਹਿੰਦਾ ਰਾਇ ਬੁਲਾਰ ਹੈ ਨਾਨਕ ।
ਮੈਂ ਬਾਬੇ ਦਾ ਬਾਬਾ ਮੇਰਾ,
ਮੇਰਾ ਪੱਕਾ ਯਾਰ ਹੈ ਨਾਨਕ ।



www.AKJ.Org

# ਅਰਦਾਸ

[ਵਲੋਂ :—ਸ: ਤਰਲੋਚਨ ਸਿੰਘ ਜੀ, ਗਾਂਧੀ ਨਗਰ, ਦਿੱਲੀ–੩੧ ]

ਸਿੱਖਾ !
ਕਦੇ ਤੜਪਿਆ ਏਂ ?
ਨਨਕਾਣੇ ਦੇ ਦਰਸ਼ਨਾਂ ਲਈ !
ਤੇਰੇ ਜਨਮ-ਦਾਤੇ ਸਤਿਗੁਰੂ ਦਾ
ਉਹ ਜਨਮ-ਅਸਥਾਨ ਏ !

ਕਦੇ ਤਰਸਿਆ ਏਂ ?
ਨਨਕਾਣੇ ਦੀ ਧੂੜੀ ਨੂੰ ਮਥੇ ਤੇ ਲਾਵਣ ਲਈ ?
ਉਸ ਧੂੜੀ ਨੂੰ ਤੇਰੇ ਸਤਿਗੁਰਾਂ ਦੀ
ਚਰਨ-ਛੁਹ ਪ੍ਰਾਪਤ ਏ !

ਕਦੇ ਸੋਚਿਆ ਈ ?
ਨਨਕਾਣਾ ਗਵਾ ਕੇ ਵੀ ਕਿ
ਨਨਕਾਣਾ ਮੁੜ ਲੈਣਾ ਵੀ ਏ,
ਇਹ ਤੇਰੇ ਸਤਿਗੁਰਾਂ ਦਾ ਪਵਿਤਰ ਅਸਥਾਨ ਏ ।
ਇਸ ਪਵਿਤ੍ਰ ਅਸਥਾਨ ਦੀ ਸੇਵਾ ਤੇਰਾ ਧਰਮ ਹੈ !

ਕਦੇ ਅਰਦਾਸ ਕੀਤੀ ਆ ?
ਆਪਣੇ ਸਤਿਗੁਰਾਂ ਅਗੇ
ਕਿ ਸਤਿਗੁਰ ਸਾਨੂੰ ਆਪਣੇ ਦਰ ਦੇ ਦਰਸ਼ਨ ਕਰਾ
ਸਾਡੀਆਂ ਭੁਲਾਂ ਅੰਗਣ ਬਖਸ਼ ਲੈ
ਤੇਰੇ ਦਰ ਤੇ ਢਠੇ ਆਂ
ਸਾਨੂੰ ਆਪਣੇ ਗਲੇ ਨਾਲ ਲਾ !

ਕੀ ਸਤਿਗੁਰੂ ਦੀ ਰਹਿਮਤ ਤੇ ਤੈਨੂੰ ਭਰੋਸਾ ਨਹੀਂ ?
ਉਹ ਸਰਬ ਸ਼ਕਤੀਮਾਨ ਸਰਬ ਕਲਾ ਭਰਪੂਰ ਏ !
ਉਹਦੇ ਦਰ ਤੇ ਕੀਤੀ ਅਰਦਾਸ
ਕਦੇ ਅਜਾਈਂ ਨਹੀਂ ਜਾਏਗੀ !
ਉਹ ਦਿਲਾਂ ਦੀਆਂ ਜਾਣਦਾ ਏ
ਕਿਸੇ ਦੇ ਪ੍ਰੇਮ ਦਾ ਬਝਾ ਹੁੰਦਾ ਏ
ਕਿਸੇ ਦੀ ਪ੍ਰੇਮ-ਜੋਦੜੀ ਨੂੰ ਉਹ ਅਣ-ਸੁਣਿਆ ਕਰਦਾ ਨਹੀਂ ।
ਗੁਰੂ ਸਾਹਿਬ ਦਾ ਆਪਣਾ ਫੁਰਮਾਨ ਹੈ :—
"ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ"

ਆ ਫਿਰ—
ਜੇ ਤੇਰੇ ਕੋਲ ਕੋਈ ਹੋਰ ਚਾਰਾ ਨਹੀਂ
ਤਾਂ ਇਹ ਚਾਰਾ ਤਾਂ ਹੈ
ਗੁਰੂ ਅਗੇ ਅਰਦਾਸ ਕਰ;
ਪ੍ਰੇਮ ਭਿੰਨੀ ਸਿਦਕ ਭਰੀ ਤਰਲਾ ਭਰਪੂਰ ਅਰਦਾਸ,
ਜਿਹੜੀ ਉਹਦੇ ਦਰ ਤੇ ਕਬੂਲ ਹੋ ਜਾਵੇ !

——o——

# ਸੁਲਤਾਨਪੁਰ ਲੋਧੀ ਵਿਖੇ ਅਖੰਡਪਾਠ ਤੇ ਰੈਣ-ਸਬਾਈ

ਸੰਗਤਾਂ ਦੀ ਸੇਵਾ ਵਿਚ ਬਿਨੈ ਹੈ ਕਿ ਗੁਰਦਵਾਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ੨੭ ਨਵੰਬਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਰਖੇ ਜਾਣਗੇ, ਜਿਸ ਦੇ ਭੋਗ ਸ਼ਨੀਵਾਰ ੨੯ ਨਵੰਬਰ ਨੂੰ ਸਵੇਰੇ ਪੈਣਗੇ । ਉਪਰੰਤ ਅਖੰਡ ਕੀਰਤਨ ਦੁਪਹਿਰ ਤਕ ਹੋਣਗੇ । ਉਸੇ ਰਾਤ ਨੂੰ ੮ ਵਜੇ ਰੈਣ ਸਬਾਈ ਕੀਰਤਨ ਹੋਣਗੇ । ਐਤਵਾਰ ਸਵੇਰੇ ਸਮਾਪਤੀ ਹੋਵੇਗੀ । ਜਲੰਧਰ, ਲੁਧਿਆਣੇ, ਅੰਮ੍ਰਿਤਸਰ ਆਦਿ ਦੂਰ ਨੇੜਿਓਂ ਗੁਰਸਿਖ ਕੀਰਤਨੀ ਸਿੰਘ ਸਿੰਘਣੀਆਂ ਪੁਜ ਰਹੇ ਹਨ । ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ।

ਪੁਛ–ਗਿਛ :
ਸ: ਕਰਤਾਰ **ਸਿੰਘ** 'ਊਸ਼ਾ' ਏਜੰਟ,
ਸੁਲਤਾਨਪੁਰ ਲੋਧੀ

ਦਾਸਰੇ—
ਸ੍ਰੀ ਗੁਰੂ ਸਿੰਘ ਸਭਾ, ਸੁਲਤਾਨਪੁਰ



www.AKJ.Org

# ਸਮੱਸਿਆ ਦਾ ਹੱਲ

[ ਵਲੋਂ—ਪ੍ਰਿੰਸੀਪਲ ਸੁਜਾਨ ਸਿਘ ਜੀ ਗੁਰਦਾਸਪੁਰ ]

( ੧ )

ਸਤਿਗੁਰੂ ਜੀ ਆਸਾ ਦੀ ਵਾਰ ਦੇ ਦੀਵਾਨ ਦੇ ਭੋਗ ਮਗਰੋਂ ਗੁਰੂ ਕੇ ਮਹਿਲਾਂ ਦੇ ਆਸਣ ਤੇ ਆਣ ਬਿਰਾਜੇ। ਕੁਝ ਚਿਰ ਮਗਰੋਂ ਖੁਲ੍ਹੇ ਨੈਣ ਮੁੰਦੇ ਗਏ। ਸਰੀਰ ਸਾਰਾ ਜਾਗ੍ਰਿਤ ਤੇ ਸਾਵਧਾਨ ਸੀ। ਨੈਣ ਅੰਦਰੋਂ ਖੁਲ੍ਹੇ ਸਨ, ਪਰ ਕਿਤੇ ਜੁੜ ਗਏ ਸਨ। ਹਜ਼ੂਰੀ ਸੇਵਕ ਆਇਆ ਅਤੇ ਸਤਿਗੁਰੂ ਜੀ ਨੂੰ ਧਿਆਨ-ਸਥਿਤ ਦੇਖ ਕੇ ਦਬੀਂ ਪੈਰੀਂ ਮੁੜ ਗਿਆ। ਇੰਜ ਸਤਿਗੁਰੂ ਜੀ ਦੋ ਘੜੀ ਦਾ ਸਮਾਂ ਧਿਆਨ-ਨਿਮਗਨ ਰਹੇ। ਮੁੰਦੇ ਨੇਤਰ ਖੁਲ੍ਹੇ ਤੇ ਪੱਟੀ, ਕਾਗਜ਼, ਲੇਖਣੀ ਤੇ ਮਸ-ਦਾਨੀ ਹਾਜ਼ਰ ਕਰਨ ਦਾ ਹੁਕਮ ਹੋਇਆ। ਹਜ਼ੂਰੀ ਸੇਵਕ, ਜੋ ਸਤਿਗੁਰੂ ਦੇ ਹੁਕਮ ਦੀ ਉਡੀਕ ਵਿਚ ਦਰ ਦੇ ਬਾਹਰ ਸਾਵਧਾਨ ਸੀ, 'ਸਤ ਬਚਨ' ਕਹਿਕੇ ਪਲ ਭਰ ਵਿਚ ਸਾਰੀ ਸਮੱਗਰੀ ਲੈ ਕੇ ਹਾਜ਼ਰ ਹੋਇਆ। ਹੁਕਮ ਹੋਇਆ, ਬਿਸ੍ਰਾਮ ਕਰੋ।' ਹਜ਼ੂਰੀ ਸਿੱਖ ਨਮਸਕਾਰ ਕਰ ਕੇ ਪਿਛਲੇ ਪੈਰੀਂ ਪਰਤ ਆਇਆ, ਪਰ ਬਿਸਰਾਮ ਕਰਨ ਦੇ ਲਈ ਦਰ ਦੇ ਬਾਹਰ ਹੀ ਟਿਕ ਗਿਆ। ਗੁਰੂ ਜੀ ਆਪਣੇ ਪਵਿੱਤਰ ਹੱਥਾਂ ਨਾਲ ਰਚਿਤ ਬਾਣੀ ਨੂੰ ਅੱਖਰਾਂ ਵਿਚ ਅੰਕਤ ਕਰਦੇ ਰਹੇ। ਲਿਖ ਚੁੱਕਣ ਤੋਂ ਮਗਰੋਂ ਜਦ ਗੁਰੂ ਜੀ ਨੇ ਧਿਆਨ ਦਰ ਵੱਲ ਮੋੜਿਆ ਤਾਂ ਬਾਹਰ ਗੋਬਿੰਦ ਰਾਇ ਜੀ ਦੇ ਅਧਿਆਪਕ ਪੰਡਿਤ ਜੀ ਖੜੇ ਸਨ। ਬਚਨ ਹੋਇਆ, "ਆਓ, ਪੰਡਿਤ ਜੀ, ਆਓ!" ਪੰਡਿਤ ਜੀ ਨੇ ਉਹਲੇ ਬੈਠੇ ਹਜ਼ੂਰੀ ਸਿੱਖ ਵਲ ਵੇਖਿਆ, ਜਿਸ ਨੇ ਗੁਰੂ ਜੀ ਦੀ ਆਗਿਆ ਸੁਣ ਲਈ ਸੀ ਤੇ ਇਸ਼ਾਰਾ ਪਾ ਕੇ ਅੰਦਰ ਦਾਖ਼ਲ ਹੋਏ। ਪੰਡਿਤ ਜੀ ਨੇ ਅੱਗੇ ਵਧ ਕੇ ਚਰਨਾਂ ਤੇ ਸੀਸ ਨਿਵਾਇਆ। ਗੁਰੂ ਜੀ ਨੇ ਕੁਸ਼ਲ-ਛੇਮ ਪੁਛਿਆ ਤੇ ਪੰਡਿਤ ਜੀ ਨੂੰ ਬੈਠ ਜਾਣ ਦਾ ਆਦੇਸ਼[1] ਦਿੱਤਾ। ਗੁਰੂ-ਕੁਮਾਰ ਦੇ ਅਧਿਐਨ[2] ਬਾਰੇ ਗੱਲ ਤੁਰ ਪਈ ਤਾਂ ਪੰਡਿਤ ਜੀ ਨੇ ਕਿਹਾ, "ਗੋਬਿੰਦ ਜੀ, ਦੈਵੀ ਬੁੱਧੀ ਦੇ ਸੁਆਮੀ ਹਨ। ਕਦੀ ਇਕ ਵਾਰ ਤੋਂ ਵਧ ਕੁਝ ਦਸਣ ਦੀ ਲੋੜ ਹੀ ਨਹੀਂ ਪਈ। ਸੰਸਕ੍ਰਿਤ ਕਠਿਨ ਵਿਦਿਆ ਹੈ, ਪਰ ਉਨ੍ਹਾਂ ਲਈ ਸੁਖੈਨ ਹੋ ਵੱਗ ਤੁਰੀ ਹੈ।"

1. ਆਗਿਆ। 2. ਪੜ੍ਹਾਈ।

ਗੁਰੂ ਜੀ ਨੇ ਪ੍ਰਸੰਨ ਮੁੱਦਰਾ ਵਿਚ ਕਿਹਾ, "ਤਾਂ ਤੇ ਅਧਿਐਨ ਸੁਖਾਵਾਂ ਚਲ ਰਿਹਾ ਹੈ।"

ਪਰਮ ਸਤਿਕਾਰ ਯੋਗ ਸਤਿਗੁਰੂ ਜੀ, ਗੁਰੂ-ਕੁਮਾਰ ਤਾਂ ਬ੍ਰਜ-ਭਾਸ਼ਾ ਵਿਚ ਇਸ ਅੱਠ ਸਾਲ ਦੀ ਅਲਪ ਆਯੂ ਵਿਚ ਕਵਿਤਾ ਹੀ ਕਰਨ ਲਗ ਪਏ ਹਨ। ਪਰ ਕਵਿਤਾ ਵੀਰ ਰਸ ਪਰਧਾਨ ਹੁੰਦੀ ਹੈ। ਉਨ੍ਹਾਂ ਦੀ ਕਵਿਤਾ ਵਿਚ ਪਰਮ ਪ੍ਰਭੂ ਪਰਮਾਤਮਾ ਦਾ ਪ੍ਰੇਮ ਵੀ ਸ਼ਿੰਗਾਰ ਦੀ ਥਾਂ ਵੀਰਤਾ ਦੇ ਰੰਗ ਵਿਚ ਪ੍ਰਕਾਸ਼-ਮਾਨ ਹੁੰਦਾ ਹੈ।"

ਸਤਿਗੁਰੂ ਜੀ ਦੇ ਨੈਣ ਫਿਰ ਮੁੰਦ ਗਏ ਤੇ ਕੁਝ ਚਿਰ ਮਗਰੋਂ ਹੋਲੀ ਹੋਲੀ ਖੁਲ੍ਹੇ ਤਾਂ ਉਨ੍ਹਾਂ ਵਿਚ ਕਿਸੇ ਉੱਚੇ ਪ੍ਰੇਮ ਤੇ ਸ਼ਰਧਾ ਦੀ ਲਾਲੀ ਸੀ।

ਪੰਡਿਤ ਜੀ ਨੇ ਕਿਹਾ, "ਗੁਰੂ ਜੀ, ਸਾਹਿਬਜ਼ਾਦਾ ਜੀ ਦਾ ਫ਼ਾਰਸੀ ਦਾ ਅਧਿਐਨ ਵੀ ਤਾਂ ਸਮਾਨਅੰਤਰ[1] ਚੱਲ ਰਿਹਾ ਹੈ ਅਤੇ ਉਨ੍ਹਾਂ ਦੀ ਕੁਸਾਗ-ਬੁੱਧੀ[2] ਤੇ ਉਨ੍ਹਾਂ ਦੇ ਫ਼ਾਰਸੀ ਦੇ ਅਧਿਆਪਕ ਵੀ ਹੈਰਾਨ ਹਨ। ਕਹਿ ਰਹੇ ਸਨ ਕਿ ਇਕ ਵਾਰੀ ਦੱਸਣ ਤੇ ਸਭ ਕੁਝ ਉਨ੍ਹਾਂ ਦੀ ਸਮਝ ਹੀ ਨਹੀਂ ਆ ਜਾਂਦਾ ਸਗੋਂ ਬਹੁਤ ਕੁਝ ਉਨ੍ਹਾਂ ਨੂੰ ਕੰਠ ਵੀ ਹੋ ਜਾਂਦਾ ਹੈ।"

ਸਤਿਗੁਰੂ ਜੀ ਕਮਲ ਦੇ ਖਿੜਨ ਵਰਗੀ ਮੁਸਕ੍ਰਾਹਟ ਨਾਲ ਬੋਲੇ, "ਪੰਡਿਤ ਜੀ, ਤੁਸੀਂ ਦੋਵੇਂ ਜੋ ਪਰਿਸ਼੍ਰਮ[3] ਕਰ ਰਹੇ ਹੋ, ਇਹ ਅਸਾਡੇ ਤੋਂ ਅਗਿਆਤ ਨਹੀਂ।

"ਨਹੀਂ, ਸਤਿਗੁਰੂ ਜੀ, ਗੋਬਿੰਦ ਜੀ ਸਾਨੂੰ ਬਹੁਤਾ ਪਰਿਸ਼੍ਰਮ ਕਰਨ ਦਾ ਮੌਕਾ ਨਹੀਂ ਦਿੰਦੇ। ਉਹ ਸਾਡੇ ਵੰਡੇ ਦਾ ਪਰਿਸ਼੍ਰਮ ਵੀ ਸਹਿਲ ਹੀ ਆਪ ਕਰ ਜਾਂਦੇ ਹਨ ਅਤੇ ਇਹ ਸਭ ਕੁਝ ਉਨ੍ਹਾਂ ਦਾ ਸਮਾਂ ਦਿਨ ਭਰ

1. ਨਾਲੋ ਨਾਲ (parallal) 2. ਤੇਜ਼ ਅਕਲ। 3. ਮਿਹਨਤ।



www.AKJ.Org

ਦੇ ਕੰਮਾਂ ਨਾਲ ਬਹੁਤ ਵੱਡਿਆ ਹੋਇਆ ਹੁੰਦਿਆਂ ਵੀ ਸੁਣਿਆ ਹੈ ਕਿ ਉਨ੍ਹਾਂ ਦੀ ਨਿੰਦ੍ਰਾ ਵੀ ਅਲਪ ਹੈ। ਪ੍ਰਾਤਾਕਾਲ ਇਸ਼ਨਾਨ ਕਰ ਕੇ ਨਿਤ-ਕਰਮ ਕਰਦੇ ਹਨ। ਭੋਗ ਤੋਂ ਮਗਰੋਂ ਗ੍ਰੰਥ ਜੀ ਦਾ ਪਾਠ, ਅਧਿਐਨ ਤੇ ਮੰਨਨ ਕਰਦੇ ਹਨ । ਭੋਜਨ ਪਾ ਕੇ ਥੋੜ੍ਹਾ ਚਿਰ ਹੀ ਵਿਸ੍ਰਾਮ ਕਰਦੇ ਹਨ। ਫਿਰ ਫ਼ਾਰਸੀ ਦਾ ਪਾਠ ਪੜ੍ਹਦੇ ਹਨ। ਕੁਝ ਚਿਰ ਮਗਰੋਂ ਦਾਸ ਦੀ ਸੇਵਾ ਸ਼ੁਰੂ ਹੁੰਦੀ ਹੈ। ਫੇਰ ਆਪ ਜੀ ਤੋਂ ਉਪਦੇਸ਼ ਲੈਣ ਦਾ ਸਮਾਂ ਆਉਂਦਾ ਹੈ । ਉਸ ਤੋਂ ਮਗਰੋਂ ਅਸਤ੍ਰ-ਸ਼ਸਤ੍ਰ ਵਿਦਿਆ ਅਤੇ ਅਭਿਆਸ ਦਾ ਸਮਾਂ ਹੁੰਦਾ ਹੈ। ਮਗਰੋਂ ਆਪਣੇ ਸਖਾ-ਮਿੱਤਰਾਂ ਨੂੰ ਅਸਤ੍ਰ-ਸ਼ਸਤ੍ਰ ਵਿਦਿਆ ਸਿਖਾਉਂਦੇ ਹਨ । ਸੰਧਿਆ ਤੋਂ ਪਹਿਲੋਂ ਕ੍ਰਿਤ੍ਰਿਮ[1] ਯੁੱਧ ਰਚਦੇ ਹਨ। ਸੰਧਿਆ ਨੂੰ ਸਾਵਧਾਨ ਹੋ ਕੇ ਨਿਤ-ਕਰਮਕਰਦੇ ਹਨ। ਰਾਤੀ ਡੇੜ੍ਹ ਪਹਿਰ ਅਧਿਐਨ ਕਰਦੇ ਹਨ। ਇਹ ਮਾਨੁਸ਼ੀ ਸ਼ਕਤੀ ਤੋਂ ਪਰੇ ਦੀ ਗੱਲ ਹੈ।''

ਸਤਿਗੁਰੂ ਜੀ ਦੇ ਕੇਵਲ-ਪੰਖੜੀਆਂ ਵਰਗੇ ਨੇਤ੍ਰ-ਪਟ ਫਿਰ ਮਿਲ ਗਏ ਤੇ ਉਨ੍ਹਾਂ ਦੇ ਪੁਸ਼ਪ-ਮੁਖ ਵਿਚ ਖਿਲਰਦੀ ਸੁਗੰਧ ਵਰਗਾ ਕੋਮਲ ਨਾਦ ਹੋਇਆ, ''ਪੰਡਿਤ ਜੀ, ਇਸ ਘਰ ਨੂੰ ਇਹ ਸ੍ਰੀ ਆਦਿ ਸਤਿਗੁਰੂ ਨਾਨਕ ਦੇਵ ਜੀ ਦੀ ਬਖ਼ਸ਼ਿਸ਼ ਹੈ।''

''ਸਤਯ ਹੈ, ਸਤਯ ਹੈ !'' ਪੰਡਿਤ ਜੀ ਨੇ ਕਿਹਾ, ''ਸਤਿਗੁਰੂ ਜੀ ! ਗੋਬਿੰਦ ਜੀ ਪਰਮ ਵੀਰ ਧਨੁਸ਼-ਧਾਰੀ ਭਗਵਾਨ ਰਾਮ ਵਰਗੇ ਯੋਧੇ ਹੋਣਗੇ, ਇਸ ਵਿਚ ਰੇਚਕ ਮਾਤਰ ਵੀ ਸ਼ੰਸਯ ਨਹੀਂ। ਮੈਂ ਇਨ੍ਹਾਂ ਨੂੰ ਆਪਣੇ ਬਾਲਕ-ਸਾਥੀਆਂ ਨੂੰ ਅਸਤ੍ਰ-ਸ਼ਸਤ੍ਰ ਵਿਦਿਆ ਦਿੰਦਿਆਂ ਲੁਕ ਕੇ ਦੇਖਿਆ ਹੈ। ਇਨ੍ਹਾਂ ਦੇ ਕ੍ਰਿਤ੍ਰਿਮ ਯੁਧ ਵੀ ਦੇਖੇ ਹਨ । ਯੁਧ ਸਮੇਂ ਇਨ੍ਹਾਂ ਦੇ ਅਸਤ੍ਰ-ਸ਼ਸਤ੍ਰ ਬਣਾਵਟੀ ਹੁੰਦੇ ਹਨ। ਤੀਰ ਕਾਨੇ ਦੇ ਹੁੰਦੇ ਹਨ ਜਿਨ੍ਹਾਂ ਦੇ ਅੱਗੇ ਫਲਾਂ ਦੀ ਥਾਂ ਗੂੰਦ ਦੇ ਗੋਲੇ ਹੁੰਦੇ ਹਨ ਤਾਂ ਜੁ ਜ਼ਖ਼ਮ ਨਾ ਲੱਗੇ। ਕੁਝ ਦਿਨ ਹੋਏ ਇਕ ਚੌਦਾਂ-ਪੰਦਰਾਂ ਬਰਸ ਦੇ ਬਾਲਕ ਨੂੰ ਗੁਰੂ-ਕੁਮਾਰ

1. ਬਨਾਉਟੀ।

ਗੋਬਿੰਦ ਜੀ ਦਾ ਤੀਰ ਅੱਧ ਕੁ ਕੋਹ ਦੂਰੀ ਤੋਂ ਲੱਗਾ ਤੇ ਉਹ ਮੂਰਛਿਤ ਹੋ ਗਿਆ। ਗੁਰੂ-ਕੁਮਾਰ ਨੇ ਆਪ [1]ਮਰਦਨ ਕਰ ਕੇ, ਅਰ ਜਲ ਮੁੱਖ ਵਿਚ ਪਾ ਕੇ ਉਸ ਦੀ ਮੂਰਛਾ ਤੋੜੀ।''

ਸਤਿਗੁਰੂ ਜੀ ਦੇ ਫੇਰ ਨੈਣ ਮੁੰਦੇ ਗਏ, ਜਿਵੇਂ ਪਲਕਾਂ ਦੇ ਉਹਲੇ ਉਨ੍ਹਾਂ ਨੂੰ ਸਤਿਗੁਰੂ ਹਰਿਗੋਬਿੰਦ ਜੀ ਦੇ ਸਾਖਿਆਤ ਦਰਸ਼ਨ ਹੋ ਰਹੇ ਹੋਣ ਅਤੇ ਬਚਨ ਹੋਇਆ, ''ਸਤਿਗੁਰੂ ਪਿਤਾ ਜੀ ਦੀ ਦਾਤ ਪ੍ਰਾਪਤ ਹੈ ਗੋਬਿੰਦ ਰਾਇ ਜੀ ਨੂੰ ! ਧੀਰ ਵੀਰ ਹੋਣਗੇ।''

''[2]ਤਥਾ ਅਸਤੂ। ਆਪ ਦੇ ਬਚਨ ਅਚੂਕ ਹਨ, ਸਤਿਗੁਰੂ ਜੀ !''

ਪੰਡਿਤ ਜੀ, ਆਪ ਨੂੰ ਕੋਈ ਕਸ਼ਟ ਤਾਂ ਨਹੀਂ ? ਕਿਸੇ ਵਸਤੂ ਦੀ ਘਾਟ ਤਾਂ ਨਹੀਂ ?''

''ਗੁਰੂ ਘਰ ਵਿਚੋਂ ਸਭ ਕੁਝ ਪ੍ਰਾਪਤ ਹੈ, ਸਤਿਗੁਰੂ !''

## (੨)

ਇਕ ਦਿਨ ਚੌਥੇ ਪਹਿਰ ਦੇ ਲਾਗੇ ਪਰਦੇਸੀਆਂ ਦਾ ਇਕ ਵੱਡਾ ਜੱਥਾ ਗੁਰੂ ਕੇ ਮਹਿਲਾਂ ਦੇ [3]ਸਿੰਘ-ਦੁਆਰ ਤੇ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਲਈ ਹਾਜ਼ਰ ਹੋਇਆ। ਗੁਰੂ ਸਾਹਿਬ ਉਸ ਵੇਲੇ ਸਰਦ ਭੋਰੇ ਵਿਚ ਏਕਾਂਤ ਬੈਠੇ ਸਨ। ਸਿੱਖ ਸੇਵਕਾਂ ਦੇ ਪੁੱਛਣ ਤੋਂ ਪਤਾ ਲੱਗਾ ਕਿ ਇਹ ਕਸ਼ਮੀਰ ਦੇ ਬ੍ਰਾਹਮਣ ਹਨ ਜੋ ਸ੍ਰੀ ਨਗਰ,ਅਨੰਤ ਨਾਗ, ਬਾਰਾਂ ਮੂਲਾ, ਮਟਨ, ਜੰਮੂ ਅਤੇ ਕਸ਼ਮੀਰ ਦੇ ਹੋਰ ਨਗਰਾਂ, ਗ੍ਰਾਵਾਂ ਅਤੇ ਤੀਰਥ-ਅਸਥਾਨਾਂ ਤੋਂ ਇਕੱਠੇ ਹੋ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੀ ਸ਼ਰਨ ਆਏ ਹਨ। ਇਨ੍ਹਾਂ ਦਾ ਆਗੂ ਮਟਨ ਦਾ ਮਹਾਂ ਪੰਡਿਤ ਕਿਰਪਾ ਰਾਮ ਸੀ । ਕਸ਼ਮੀਰ ਵਿਚ ਬ੍ਰਹਮ ਦਾਸ ਪੰਡਿਤ ਨੂੰ ਗੁਰੂ ਨਾਨਕ ਦੇਵ ਜੀ ਦੇ ਜੀਆ-ਦਾਨ ਦੇਣ ਦੀ ਯਾਦ ਅਜੇ ਕਾਇਮ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀਆਂ ਸੋਆਂ ਦੇਸ਼ਾਂ-ਪ੍ਰਦੇਸਾਂ ਵਿਚ ਫੈਲ ਚੁਕੀਆਂ ਸਨ। ਸ੍ਰੀ ਗੁਰੂ ਹਰਿਗੋਬਿੰਦ ਜੀ ਦੀ

1. ਮਿਲ ਕੇ। 2. ਇਵੇਂ ਹੀ ਹੋਵੇਗਾ। 3. ਬਾਹਰਲਾ ਵੱਡਾ ਦਰਵਾਜ਼ਾ।



www.AKJ.Org

ਮੀਰੀ ਪੀਰੀ ਦੀ ਸ਼ਾਨ ਦਾ ਜਲਵਾ ਹਾਲੀ ਤਕ ਕਸ਼ਮੀਰ ਦੇ ਕਈ ਬਿਰਧ ਨੇਤਰਾਂ ਵਿਚ ਸਾਕਾਰ ਸੀ। ਇਹ ਉਹ ਗੱਦੀ ਸੀ ਜਿਹੜੀ ਅਸੂਲਾਂ ਲਈ ਡਟ ਸਕਦੀ ਸੀ, ਅਸੂਲਾਂ ਲਈ ਸ਼ਹੀਦੀ ਪ੍ਰਾਪਤ ਕਰ ਸਕਦੀ ਸੀ, ਅਸੂਲਾਂ ਲਈ ਜੁੱਧ ਮੰਡ ਸਕਦੀ ਸੀ। ਇਹੋ ਵਿਸ਼ਵਾਸ ਲੈ ਕੇ ਇਹ ਵਹੀਰ ਸਤਿਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿਚ ਹਾਜ਼ਰ ਹੋਈ ਸੀ। ਔਰੰਗਜ਼ੇਬ ਦਾ ਹੁਕਮ ਪਾ ਕੇ ਕਸ਼ਮੀਰ ਦੇ ਸੂਬੇਦਾਰ ਸ਼ੇਰ ਅਫ਼ਗਨ ਨੇ ਅੱਧ ਤੋਂ ਵੱਧ ਗਰੀਬ ਹਿੰਦੂ ਜਨਤਾ ਨੂੰ ਲੱਭ ਤੇ ਜ਼ੋਰ ਜਬਰ ਨਾਲ ਮੁਸਲਮਾਨ ਬਣਾ ਲਿਆ ਸੀ। ਇਨ੍ਹਾਂ ਬ੍ਰਾਹਮਣਾਂ ਨੇ ਸੂਬੇਦਾਰ ਤੋਂ ਆਪਣੇ ਦੇਵੀ ਦੇਵਤਿਆਂ ਅੱਗੇ ਰੱਖਿਆ ਦੀ ਬੇਨਤੀ ਕਰਨ ਲਈ ਮੁਹਲਤ ਮੰਗੀ ਸੀ। ਬੁੱਤ ਕਿਸੇ ਦੀ ਰੱਖਿਆ ਨਹੀਂ ਕਰ ਸਕਦੇ, ਇਸ ਗੱਲ ਤੇ ਸੂਬੇਦਾਰ ਦਾ ਕਾਮਲ ਯਕੀਨ ਸੀ। ਉਸ ਨੇ ਮੁਹਲਤ ਦੇ ਦਿੱਤੀ ਸੀ। ਬ੍ਰਾਹਮਣਾਂ ਨੂੰ ਵੀ ਸ਼ਾਇਦ ਅੰਦਰਲੇ ਦਿਲੋਂ ਇਸ ਗੱਲ ਦਾ ਪਤਾ ਸੀ। ਪਰ ਮਹੀਨਿਆਂ ਬੱਧੀ ਪੂਜਾ, ਆਹੂਤੀਆਂ, ਬ੍ਰਤਾਂ ਆਦਿ ਦਾ ਕੁਝ ਨਤੀਜਾ ਨਾ ਨਿਕਲਣ ਤੇ ਆਖ਼ਰੀ ਓਟ ਗੁਰੂ ਘਰ ਹੀ ਦਿੱਸੀ ਸੀ। ਲੰਮੇ, ਕਠਿਨ, ਔਝੜ, ਵਿੰਗ-ਤੜਿੰਗੇ ਪਹਾੜੀ ਰਸਤੇ ਉਲਾਂਘਦੇ ਤੇ ਨਦੀਆਂ ਨਾਲੇ ਝਾਗਦੇ ਆਖ਼ਰ ਉਹ ਅੱਜ ਦੁਪਹਿਰੇ ਅਨੰਦਪੁਰ ਪਹੁੰਚ ਗਏ ਸਨ। ਕੁਝ ਚਿਰ ਬਿਸਰਾਮ ਕਰਨ ਮਗਰੋਂ ਇਹ ਗੁਰੂ-ਦੁਆਰੇ ਅੱਪੜੇ ਸਨ। ਇਕ ਸਿੱਖ ਗੁਰੂ ਜੀ ਨੂੰ ਖ਼ਬਰ ਦੇਣ ਤੁਰ ਪਿਆ ਸੀ। ਬ੍ਰਾਹਮਣ ਉੱਚੀ ਉੱਚੀ "ਤ੍ਰਾਹਿਮਾਨ[1]! ਤ੍ਰਾਹਿਮਾਨ!" ਪੁਕਾਰ ਰਹੇ ਸਨ ਕਿ ਗੁਰੂ ਜੀ ਉਸ ਸਿੱਖ ਨੂੰ ਭੋਰੇ ਵਿਚੋਂ ਨਿਕਲਦੇ ਦਿਸੇ। "ਇਹ ਕੌਣ ਹਨ ਜੋ ਸਤਿਗੁਰੂ ਨਾਨਕ ਦੇਵ ਜੀ ਦੀ ਗੱਦੀ ਤੋਂ ਦਇਆ ਅਤੇ ਰੱਖਿਆ ਦੀ ਮੰਗ ਕਰ ਰਹੇ ਹਨ? ਉਨ੍ਹਾਂ ਨੇ ਸਿੱਖ ਨੂੰ ਦਇਆ ਪੂਰਿਤ ਪ੍ਰਸ਼ਨ ਕੀਤਾ।"

ਹਜ਼ੂਰੀ ਸਿੱਖ ਨੇ ਸਿਰ ਝੁਕਾ ਕੇ ਕਿਹਾ, "ਸਤਿਗੁਰੂ ਜੀ, ਕਸ਼ਮੀਰ ਦੇ ਸੂਬੇਦਾਰ ਦੇ ਡਰਾਏ ਤੇ ਦੁੱਖੀ ਕੀਤੇ ਕਸ਼ਮੀਰੀ ਪੰਡਿਤ ਆਪ ਜੀ ਦੀ ਸ਼ਰਨ ਆਏ ਹਨ।"

"ਅਸੀਂ ਥੜੇ ਤੇ ਬੈਠਦੇ ਹਾਂ। ਭਾਈ ਜੀ ਤੁਸੀਂ ਉਨ੍ਹਾਂ ਨੂੰ ਉਧਰ ਹੀ ਲੈ ਆਵੋ," ਕਹਿੰਦੇ ਕਹਿੰਦੇ ਗੁਰੂ ਜੀ ਉੱਤਰ ਦਿਸ਼ਾ ਦੀ ਢਲਵਾਨ, ਵਾਦੀ, ਨਾਲੇ ਤੇ ਪਹਾੜੀਆਂ ਵੱਲ ਝਾਤ ਪੁਆਂਉਂਦੇ ਥੜੇ ਤੇ ਜਾ ਬਿਰਾਜਮਾਨ ਹੋਏ।

"ਤ੍ਰਾਹਿ! ਤ੍ਰਾਹਿ!" ਦੀ ਪੁਕਾਰ ਕਰਦੇ ਆ ਰਹੇ ਪੰਡਿਤਾਂ ਨੂੰ ਸਤਿਗੁਰਾਂ ਨੇ ਛਾਤੀ ਦੇ ਬਰਾਬਰ ਹੱਥ ਚੁੱਕ ਕੇ ਅਭੈ-ਦਾਨ ਦਿੱਤਾ ਅਤੇ ਸਭ ਨੂੰ ਬੈਠ ਜਾਣ ਲਈ ਸੰਕੇਤ ਕੀਤਾ। ਸਾਰੇ ਪੰਡਿਤ ਸਤਿਗੁਰਾਂ ਦੇ ਮੁੱਖ ਵਲ ਰੁਖ ਕਰ ਕੇ ਅਰਧ-ਚੰਦਰ-ਅਕਾਰ ਬੈਠ ਗਏ।

ਸਤਿਗੁਰਾਂ ਬਚਨ ਕੀਤਾ, "ਪੰਡਤ ਜਨੋ! ਆਉਂਦਿਆਂ ਰਸਤੇ ਵਿਚ ਆਪ ਨੂੰ ਕਸ਼ਟ ਤਾਂ ਨਹੀਂ ਹੋਇਆ? ਗੁਰੂ ਕੇ ਲੰਗਰ ਵਿਚੋਂ ਆਪ ਨੇ ਪ੍ਰਸ਼ਾਦ ਛੱਕ ਲਿਆ? ਬਿਸਰਾਮ ਲਈ ਆਪ ਨੂੰ ਸੁਖ-ਅਸਥਾਨ ਪ੍ਰਾਪਤ ਹੋ ਗਿਆ?"

"ਪ੍ਰਭੂ ਸਤਿਗੁਰੂ, ਜੋ ਕਸ਼ਟ ਸਾਨੂੰ ਸਾਡੇ ਮੁਸਲ-ਮਾਨ ਸ਼ਾਸਕਾਂ ਵਲੋਂ ਮਿਲ ਰਹੇ ਹਨ ਉਨ੍ਹਾਂ ਦੇ ਸਾਹਮਣੇ ਹੋਰ ਸਾਰੇ ਕਸ਼ਟ ਕੁਝ ਵੀ ਨਹੀਂ। ਅਸੀਂ ਆਪ ਜੀ ਦੀ ਸ਼ਰਨ ਉਨ੍ਹਾਂ ਕਸ਼ਟਾਂ ਤੇ ਦੁਖਾਂ ਦੀ ਨਵਿਰਤੀ ਲਈ [1]ਉਪਸਿਥਤ ਹੋਏ ਹਾਂ।"

"ਕਹੋ ਪੰਡਿਤ ਜੀ, ਤੁਸੀਂ ਆਪਣੀ ਵਿਥਿਆ ਕਹੋ। ਗੁਰੂ ਨਾਨਕ ਦਾ ਘਰ ਸੰਸਾਰ ਦੀ ਦੁੱਖ-ਨਵਿਰਤੀ ਲਈ ਹੀ ਕਾਇਮ ਹੋਇਆ ਹੈ।"

"ਮਹਾਂ ਪ੍ਰਭੂ! ਔਰੰਗਜ਼ੇਬ, ਦਿਲੀ ਦੇ ਸ਼ਹਿਨਸ਼ਾਹ ਨੇ ਸਾਰੇ ਹਿੰਦੂਆਂ ਨੂੰ ਜ਼ੋਰ ਨਾਲ ਮੁਸਲਮਾਨ ਬਣਾਉਣ ਦਾ ਬੀੜਾ ਚੁੱਕਿਆ ਹੋਇਆ ਹੈ। ਬਨਾਰਸ ਆਦਿ ਤੀਰਥ-ਅਸਥਾਨਾਂ ਤੇ ਮੰਦਰ ਗਿਰਾ ਕੇ ਮਸਜਿਦਾਂ ਉਸਾਰੀਆਂ ਜਾ ਰਹੀਆਂ ਦਸੀਦੀਆਂ ਹਨ। ਸੂਬੇਦਾਰਾਂ ਨੂੰ ਪਰਵਾਨੇ ਪਹੁੰਚ ਚੁਕੇ ਹਨ। ਸਾਡੇ ਸੂਬੇਦਾਰ, ਸ਼ੇਰ

---

1. ਦਇਆ ਕਰੋ।

1. ਹਜ਼ੂਰ।



www.AKJ.Org

ਅਫ਼ਗਨ ਨੇ ਤਾਂ ਅੱਧਾ ਕਸ਼ਮੀਰ ਮੁਸਲਮਾਨ ਬਣਾ ਵੀ ਛੱਡਿਆ ਹੈ। ਇਸ ਵੇਲੇ ਹਿੰਦੂ ਧਰਮ ਦਾ ਰਖਸ਼ਕ ਆਪ ਤੋਂ ਅਤਿਰਿਕਤ ਹੋਰ ਕੋਈ ਦਿਖਾਈ ਨਹੀਂ ਦਿੰਦਾ।''

''ਪੰਡਿਤ ਜੀ, ਜ਼ੋਰ-ਜ਼ੁਲਮ ਗੁਰੂ-ਘਰ ਨੂੰ ਕਦੰਤ ਪਸੰਦ ਨਹੀਂ। ਜ਼ੁਲਮ ਅਤੇ ਜ਼ਾਲਮ ਦਾ ਗੁਰੂ-ਘਰ ਵਿਰੋਧੀ ਹੈ। ਹਿੰਦੂ ਕੀ, ਜੇ ਮੁਸਲਮਾਨਾਂ ਤੇ ਵੀ ਜ਼ੁਲਮ ਹੁੰਦਾ ਹੋਵੇ ਤਾਂ ਗੁਰੂ-ਘਰ ਉਨ੍ਹਾਂ ਦੀ ਵੀ ਰਖਿਆ ਕਰੇਗਾ। ਗੁਰੂ-ਘਰ ਸਮਦਰਸੀ ਹੈ।''

''ਸਤਯ ਹੈ, ਮਹਾਂ ਪ੍ਰਭੂ, ਸਤਯ ਹੈ। ਪਰੰਤੂ ਇਸ ਸਮਯ ਤਾਂ ਹਿੰਦੂ ਪੀੜਿਤ ਹਨ। ਕ੍ਰੂਰ[1] ਮੁਸਲਮਾਨ ਅਪਰਾਧੀ ਹਨ।''

''ਪੰਡਿਤ ਜੀ, ਸਾਰੇ ਮੁਸਲਮਾਨ ਨਹੀਂ। ਬਾਦ-ਸ਼ਾਹ ਔਰੰਗਜ਼ੇਬ, ਉਸ ਦੇ ਕੁਝ ਪਥ-ਪਰਦਰਸ਼ਕ ਮੁਲਾਣੇ, ਉਸ ਦੇ ਕੁਝ ਸਾਥੀ ਤੇ ਪਿਛ-ਲੱਗ ਮੁਸਲਮਾਨ ਅਪਰਾਧੀ ਹਨ। ਪਰ ਕੁਝ ਖ਼ੁਦਗਰਜ਼ ਰਾਜਪੂਤ ਰਾਜ-ਰਾਜਵਾੜੇ ਵੀ ਉਸ ਦੇ ਨਾਲ ਹਨ। ਉਹ ਵੀ ਤਾਂ ਹਿੰਦੂ ਹਨ। ਪਰ ਆਪ ਪੀੜਤ ਹੋ। ਤੁਹਾਡੀ ਰਖਸ਼ਾ ਹੋਣੀ ਹੀ ਚਾਹੀਏ।''

''ਸਤਯ ਹੈ, ਮਹਾਂ ਪ੍ਰਭੂ, ਸਤਯ ਹੈ।''

ਸਤਿਗੁਰੂ ਸੋਚਣ ਦੀ ਮੁਦ੍ਰਾ ਵਿਚ ਕਈ ਪਲ ਮੋਨ ਰਹੇ। ਪੰਡਿਤ ਚਿੰਤਿਤ-ਉਡੀਕ ਦੀਆਂ ਘੜੀਆ ਵਿਚ ਚੁੱਪ ਤੇ ਅਹਿੱਲ ਬੈਠੇ ਸਨ। ਐਸੀ ਚੁੱਪ ਸੀ ਕਿ ਸਾਰਿਆਂ ਦੇ ਸਵਾਸਾਂ ਦੇ ਚੱਲਣ ਦੀ ਅਵਾਜ਼ ਵੀ ਸੁਣੀਂਦੀ ਸੀ। ਜੀਵਨ ਦੀ ਇਸ ਹਰਕਤ ਤੋਂ ਬਿਨਾਂ ਪੰਡਿਤਾਂ ਤੇ ਮੌਤ ਵਰਗੀ ਮੋਨ ਦਾ ਰਾਜ ਸੀ। ਇਹ ਨਿਰਾਸ਼ਾ ਤੇ ਆਸ਼ਾ ਵਿਚਕਾਰ ਲਟਕ ਰਹੇ ਜੀਵਨ ਦਾ ਇਕ ਚਿੱਤਰ ਸੀ।

ਆਖ਼ਰ ਸਤਿਗੁਰਾਂ ਨੇ ਮੋਨ ਮੁਦ੍ਰਾ ਨੂੰ ਤਿਆਗਿਆ। ਪਰ ਪੰਡਿਤਾਂ ਦੀ ਪ੍ਰਤੀਖਿਆ[2] ਉਵੇਂ ਹੀ ਕਾਇਮ ਸੀ।

ਸ੍ਰੀ ਮੁਖ ਤੋਂ ਗੰਭੀਰ ਨਾਦ ਹੋਇਆ, ''ਇਹ ਖੇਲ ਕਠਿਨ ਹੈ।'' ਪੰਡਿਤਾਂ ਦੇ ਮੂੰਹ ਅਡੇ ਗਏ, ਪਰ ਉਹ ਫਿਰ ਵੀ ਚੁਪ ਬੈਠੇ ਰਹੇ।

ਸਤਿਗੁਰੂ ਪੰਡਿਤਾਂ ਵਲ ਅਤਿਅੰਤ ਗੰਭੀਰ ਦ੍ਰਿਸ਼ਟੀ ਨਾਲ ਦੇਖਦੇ ਹੋਏ ਫਿਰ ਬੋਲੇ, ''ਕਿਸੇ ਐਸੇ ਮਹਾਂਪੁਰਸ਼ ਦੀ ਲੋੜ ਹੈ ਜਿਸ ਨੂੰ ਭਾਰਤ ਵਿਚ ਬ੍ਰਹਮ-ਗਿਆਨੀ ਹੋਣ ਦੀ ਮਾਨਤਾ ਪ੍ਰਾਪਤ ਹੋਵੇ, ਜਿਸ ਨੂੰ ਹਿੰਦੂ ਤੇ ਮੁਸਲਮਾਨ ਰੱਬ ਦਾ ਪਿਆਰਾ ਸਮਝਦੇ ਹੋਣ, ਜਿਸ ਦੀ ਬਾਣੀ ਵਿਚ ਨਿਮਰਤਾ ਦੇ ਨਾਲ ਨਿਰਭੈ-ਸਤਯ ਕਹਿਣ ਦੀ ਦ੍ਰਿੜਤਾ ਹੋਵੇ, ਜੋ ਸਤਯ ਲਈ ਲੋੜ ਪੈਣ ਤੇ ਸਰੀਰ ਨੂੰ ਚੋਲੇ ਵਾਂਗ ਤਿਆਗ ਸਕੇ, ਜਿਸ ਦੇ ਬਲੀਦਾਨ ਨਾਲ ਭਾਰਤ ਵਿਚ ਹਾਹਾਕਾਰ ਮਚ ਜਾਏ, ਜਿਸ ਤੋਂ ਹਿੰਦੂ ਤੇ ਮੁਸਲਮਾਨ ਦੋਹਾਂ ਨੂੰ ਹੋ ਰਹੇ ਜ਼ੁਲਮ ਦਾ ਦੀਰਘ ਅਨੁਭਵ ਹੋ ਜਾਏ।''

ਫੇਰ ਲੰਮੀ ਚੁੱਪ ਛਾ ਗਈ।

ਵਾਰਤਾਲਾਪ ਦੇ ਦੌਰਾਨ ਵਾਦੀ ਦੇ ਵਿਚੋਂ 'ਅਕਾਲ! ਅਕਾਲ!'' ਦੇ ਨਾਹਰੇ ਬਾਲਕ-ਕੰਠਾਂ ਤੋਂ ਉਠਦੇ ਰਹੇ ਸਨ। ਹੁਣ ਉਹ ਨਾਹਰੇ ਗੂੰਜਦੇ, ਅਰਸ਼ ਨੂੰ ਗੁੰਜਾਉਂਦੇ ਗੁਰੂ ਕੇ ਮਹਿਲਾਂ ਦੇ ਲਾਗੇ ਆ ਰਹੇ ਸਨ, ਜਿਵੇਂ ਕੋਈ ਵਿਜਈ ਫ਼ੌਜ ਛਾਉਣੀ ਨੂੰ ਮੁੜ ਰਹੀ ਹੋਵੇ।

ਗੁਰੂ ਕੇ ਮਹਿਲਾਂ ਦੇ ਵਿਹੜੇ ਵਿਚ ਚੁਪ ਛਾਈ ਹੋਈ ਸੀ ਜਦ ਨੌਂ ਸਾਲਾਂ ਦੇ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਸੱਜੇ ਕੰਧੇ ਧਨੁਖ, ਗਾਤਰੇ ਮੇਚੇ ਦੀ ਸ੍ਰੀ ਸਾਹਿਬ, ਹੱਥ ਵਿਚ ਨੰਨ੍ਹੇ ਤੀਰ ਲੈ ਕੇ ਪੂਰੇ ਕਮਰ-ਕੱਸੇ ਵਿਚ ਸਿੰਘ-ਦੁਆਰ ਵਿਚ ਦਾਖ਼ਲ ਹੋਏ। 'ਅਕਾਲ! ਅਕਾਲ!' ਦੇ ਨਾਹਰੇ ਸਾਰੀ ਨਗਰੀ ਵਿਚ ਖਿਲਰਨ ਲਗੇ, ਜਿਵੇਂ ਬਾਲਕ-ਸੈਨਾ ਦੇ ਜੋਧੇ ਘਰੋ ਘਰੀ ਜਾ ਰਹੇ ਹੋਣ।

ਸ੍ਰੀ ਗੋਬਿੰਦ ਜੀ ਮਹਿਲਾਂ ਤੋਂ ਬਾਹਰ ਥੜੇ ਤੇ ਪਿਤਾ ਜੀ ਨੂੰ ਬੈਠੇ ਦੇਖ ਕੇ ਉਸੇ ਪਾਸੇ ਮੁੜੇ। ਉਹ ਵਿਸਮਤ ਸਨ ਕਿ ਇੰਨੀ ਹਾਜ਼ਰੀ ਦੇ ਹੁੰਦਿਆਂ ਇੰਨੀ ਚੁਪ ਕਿਉਂ!

ਜੋੜਾ ਉਤਾਰ ਕੇ ਸ੍ਰੀ ਗੋਬਿੰਦ ਰਾਇ ਜੀ ਥੜੇ ਤੇ

1. ਜ਼ਾਲਮ। 2. ਉਡੀਕ।



www.AKJ.Org

ਚੜ੍ਹ ਗਏ। ਕਮਾਨ ਤੇ ਸ੍ਰੀ ਸਾਹਿਬ ਉਤਾਰ ਕੇ ਕਮਰ-ਕੱਸਾ ਢਿੱਲਾ ਕੀਤਾ ਤੇ ਪਿਤਾ ਜੀ ਦੇ ਚਰਨਾਂ ਤੇ ਸੀਸ ਨਿਵਾਇਆ। ਪਿਤਾ ਜੀ ਨੇ ਪਿਆਰ ਨਾਲ ਸੱਜੀ ਬਾਂਹ ਵਲਾ ਕੇ ਉਨ੍ਹਾਂ ਨੂੰ ਅੰਕ ਵਿਚ ਬੈਠਾ ਲਿਆ ਤੇ ਕੁਝ ਚਿਰ ਫਿਰ ਅਹਿੱਲ ਸੋਚਦੇ ਰਹੇ। ਗੋਬਿੰਦ ਜੀ ਨੇ ਮੂੰਹ ਫੇਰ ਕੇ ਪਿਤਾ-ਗੁਰੂ ਜੀ ਦਾ ਚਿੰਤਿਤ ਚਿਹਰਾ ਦੇਖਿਆ ਤੇ ਪੂਰਬੀ ਮਿਸ੍ਰਿਤ ਮਨਮੋਹਨ ਪੰਜਾਬੀ ਵਿੱਚ ਪੁਛਿਆ, "ਪਿਤਾ ਜੀ, ਆਪ ਦੀ ਚਿੰਤਾ ਦਾ ਕੀ ਕਾਰਨ ਹੈ?" ਸਾਹਿਬਜ਼ਾਦਾ ਜੀ ਨੇ ਗੁਰੂ-ਪਿਤਾ ਨੂੰ ਇਉਂ ਚਿੰਤਾ-ਨਿਮਗਨ ਕਦੇ ਨਹੀਂ ਸੀ ਦੇਖਿਆ। ਸਤਿਗੁਰੂ ਕਿੰਚਿਤ ਮਾਤਰ ਮੁਸਕਰਾਏ ਅਤੇ ਆਪਣੀ ਚਿੰਤਾ ਵਿਚ ਸਾਹਿਬਜ਼ਾਦਾ ਜੀ ਨੂੰ ਚਿੰਤਾਤੁਰ ਦੇਖਿਆ।

ਹੋਲੀ ਹੋਲੀ ਉਹ ਸਾਰੀ ਗੱਲ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਨੂੰ ਸੁਣਾਉਣ ਲੱਗੇ। ਸਾਹਿਬਜ਼ਾਦਾ ਜੀ ਗੋਦ ਵਿੱਚੋਂ ਉਠ ਗੁਰੂ ਜੀ ਦੇ ਸਾਹਮਣੇ ਚੌਂਕੜੀ ਮਾਰ ਕੇ ਬੈਠੇ ਸੁਣਦੇ ਰਹੇ। ਅੰਤ ਗੁਰੂਦੇਵ ਪਿਤਾ ਜੀ ਨੇ ਕਿਹਾ, "ਸੋ ਐਸੇ ਮਹਾਂ ਪੁਰਸ਼ ਦੀ ਲੋੜ ਹੈ, ਐਸੇ ਮਹਾਂ ਪੁਰਸ਼ ਦੀ ਭਾਲ ਹੈ।"

ਇਸ ਸਮੇਂ ਸਾਹਿਬਜ਼ਾਦਾ ਗੋਬਿੰਦ ਰਾਇ ਜੀ, ਪਿਤਾ ਜੀ ਦੀ ਥਾਂ ਆਦਿ ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਕਰ ਰਹੇ ਸਨ ਬਾਬਰ ਨੂੰ ਤਾੜ ਕੇ ਕਹਿੰਦੇ "ਕੂੜ ਕੀ ਜੰਜ ਲੈ ਕਾਬਲਹੁ ਧਾਇਆ।" ਗੁਰੂ ਅੰਗਦ ਦੇਵ ਜੀ ਦਾ ਦਰਸ਼ਨ ਕਰ ਰਹੇ ਸਨ ਹੁਮਾਯੂੰ ਨੂੰ ਕਹਿੰਦੇ, "ਇਹ ਤਲਵਾਰ ਸ਼ੇਰ ਸ਼ਾਹ ਸੂਰੀ ਦੇ ਸਾਹਮਣੇ ਕਿਥੇ ਗਈ ਸੀ ਜੋ ਅੱਜ ਫ਼ਕੀਰਾਂ ਤੇ ਉਠ ਰਹੀ ਹੈ?" ਦਰਸ਼ਨ ਕਰ ਰਹੇ ਸਨ ਗੁਰੂ ਅਮਰਦਾਸ ਜੀ ਦਾ, ਜਿਨ੍ਹਾਂ ਸਾਹਮਣੇ ਅਕਬਰ ਨਮਸਕਾਰ ਕਰ ਰਿਹਾ ਸੀ। ਦਰਸ਼ਨ ਕਰ ਰਹੇ ਸਨ ਗੁਰੂ ਰਾਮਦਾਸ ਜੀ ਦੇ, ਜਿਨ੍ਹਾਂ ਨੂੰ ਅਕਬਰ ਗੁਰੂ ਕੇ ਚੱਕ ਦੀ ਜ਼ਮੀਨ ਭੇਟਾ ਕਰ ਰਿਹਾ ਸੀ। ਦਰਸ਼ਨ ਕਰ ਰਹੇ ਸਨ ਗੁਰੂ ਅਰਜਨ ਦੇਵ ਜੀ ਦਾ, ਜੋ ਜਹਾਂਗੀਰ ਦੇ ਅਨਿਆਂ ਦੀ ਉਬਲਦੀ ਦੇਗ ਵਿਚ ਇਉਂ ਬੈਠੇ ਸਨ ਜਿਵੇਂ ਸੁਰਸਰੀ ਦੇ ਸੀਤਲ ਜਲ ਵਿਚ। ਦਰਸ਼ਨ ਕਰ ਰਹੇ ਸਨ ਗੁਰੂ ਹਰਿਗੋਬਿੰਦ ਜੀ ਦਾ, ਜੋ ਮੁਗ਼ਲ-ਸੈਨਾ ਨੂੰ ਭਾਂਜ ਤੇ ਭਾਂਜ ਦੇ ਰਹੇ ਸਨ। ਦਰਸ਼ਨ ਕਰ ਰਹੇ ਸਨ ਗੁਰੂ ਹਰਿ ਰਾਏ ਜੀ ਦਾ, ਜੋ ਰਾਮਰਾਏ ਜੀ ਨੂੰ ਸ਼ਾਹ ਸਾਹਸਣੇ ਆਦਿ ਗ੍ਰੰਥ ਜੀ ਦੇ ਸ਼ਬਦ ਦਾ ਇਕ ਸ਼ਬਦ ਬਦਲਾਉਣ ਪਿੱਛੇ ਸਦਾ ਲਈ ਤ੍ਰਾਹ ਰਹੇ ਸਨ। ਦਰਸ਼ਨ ਕਰ ਰਹੇ ਸਨ ਸਤਾਂ ਸਾਲਾਂ ਦੇ ਬਾਲਾ ਗੁਰੂ ਹਰਿਕ੍ਰਿਸ਼ਨ ਜੀ ਦਾ, ਜੋ ਔਰੰਗਜ਼ੇਬ ਨੂੰ ਸਾਫ਼ ਕਹਿ ਰਹੇ ਸਨ ਕਿ ਅਸੀਂ ਗੁਰੂ-ਆਗਿਆ ਅਨੁਸਾਰ ਤੇਰੇ ਦਰਬਾਰ ਵਿਚ ਕਦੇ ਨਹੀਂ ਆਉਣਾ ਅਤੇ ਦਰਸ਼ਨ ਕਰ ਰਹੇ ਸਨ ਉਸੇ ਗੱਦੀ ਤੇ ਪਿਤਾ ਗੁਰੂ ਤੇਗ ਬਹਾਦਰ ਜੀ ਦਾ। ਅਚਾਨਕ ਉਹ ਹੱਥ ਜੋੜ ਕੇ ਉੱਠੇ ਅਤੇ ਬੇਨਤੀ ਕੀਤੀ, "ਪਿਤਾ ਜੀ, ਮੈਂ ਉਹ ਮਹਾਂ ਪੁਰਸ਼ ਲਭ ਲਏ ਹਨ।"

ਸਤਿਗੁਰੂ ਜੀ ਇਹ ਸੁਣ ਕੇ ਮੁਸਕਰਾਏ। ਵਿਸਮੈ ਅਤੇ ਅਨੰਦ-ਵਿਭੋਰ ਕਸ਼ਮੀਰੀ ਪੰਡਿਤਾਂ ਨੇ ਵੱਖੋ ਵੱਖਰੀਆਂ ਅਵਾਜ਼ਾਂ ਵਿਚ ਇਕੋ ਵਾਰ ਪੁੱਛਿਆ, "ਕੌਣ ਹਨ ਉਹ ਮਹਾਂ ਪੁਰਸ਼, ਗੁਰੂ-ਕੁਮਾਰ?"

ਬੜੀ ਦ੍ਰਿੜ੍ਹਤਾ ਭਰਪੂਰ ਤੇ ਨਿਰਣਯ-ਆਤਮਕ ਸੁਰ ਵਿਚ ਸ੍ਰੀ ਗੋਬਿੰਦ ਰਾਇ ਜੀ ਨੇ ਕਿਹਾ,

"ਗੁਰੂ ਅਵਤਾਰ ਨੌਵੇਂ ਸਤਿਗੁਰੂ ਨਾਨਕ।"

ਗੁਰੂ ਦੇਵ ਜੀ ਨੇ ਗੋਬਿੰਦ ਜੀ ਨੂੰ ਉਠ ਕੇ ਛਾਤੀ ਨਾਲ ਲਾ ਲਿਆ ਅਤੇ ਉੱਚੇ ਸੁਰ ਵਿਚ ਕਿਹਾ, "ਪੰਡਿਤ ਜੀ, ਗੁਰੂ ਨਾਨਕ ਦਾ ਦਰ ਨੀਵਾਂ ਹੈ। ਗੁਰੂ ਨਾਨਕ ਦੀ ਗੱਦੀ ਅਨੰਦਪੁਰ ਵਿਚ ਸਦਾ ਕਾਇਮ ਰਹੇਗੀ। ਤੇਗ ਬਹਾਦਰ ਔਰੰਗਜ਼ੇਬ ਨੂੰ ਸਮਝਾਉਣ ਜਾਏਗਾ। ਮਜ਼ਲੂਮਾਂ ਦੀ ਰੱਖਿਆ ਕੀਤੀ ਜਾਏਗੀ। ਜਾਓ, ਆਪਣੇ ਸੂਬੇਦਾਰ ਨੂੰ ਕਹਿ ਭੇਜੋ ਕਿ ਕਾਹਲੀ ਨਾ ਕਰੇ। ਔਰੰਗਜ਼ੇਬ ਨੂੰ ਵੀ ਲਿਖ ਭੇਜੋ। ਦੇਸ਼ ਦੇ ਕੋਨੇ ਕੋਨੇ ਵਿਚ ਇਹ ਗੱਲ ਫੈਲਾ ਦਿਓ, 'ਗੁਰੂ ਨਾਨਕ ਦੀ ਗਦੀ ਸ਼ਰਨ ਪਿਆਂ ਦੀ ਲਾਜ ਰਖੇਗੀ।'

ਇਕ ਦਮ ਜੈ ਜੈ ਕਾਰ ਗੂੰਜ ਉੱਠੀ। ਗੁਰੂ ਨਾਨਕ ਦੇਵ ਜੀ ਦੀ ਜੈ! ਗੁਰੂ ਤੇਗ ਬਹਾਦਰ ਜੀ ਦੀ ਜੈ! ਗੁਰੂ-ਕੁਮਾਰ ਗੋਬਿੰਦ ਰਾਇ ਜੀ ਦੀ ਜੈ! ਜੈ! ਜੈ! ਜੈ।"

["ਕਲਗੀ ਦੀਆਂ ਅਣੀਆਂ" ਪੁਸਤਕ ਵਿਚੋਂ



www.AKJ.Org

# ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ

[ ਵਲੋਂ :—ਬੀਬੀ ਅਜੀਤ ਕੌਰ ਜੀ ਗੰਭੀਰ, ਚੰਡੀਗੜ੍ਹ ]

ਅਸੰਖ ਚੋਰ ਹਰਾਮ ਖੋਰ ॥ [ਜਪੁਜੀ

ਇਸ ਸੰਸਾਰ ਵਿੱਚ ਅਸੰਖ ਚੋਰ ਹਨ, ਚੋਰ ਨੂੰ ਕੋਈ ਵੀ ਚੰਗਾ ਨਹੀਂ ਸਮਝਦਾ । ਗੁਰਬਾਣੀ ਲਿਖਦੀ ਹੈ :—

ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ ॥ [ਧਨਾਸਰੀ ਮ: ੧, ੬੬੨

ਇਹ ਚੋਰ ਤਾਂ ਸਿਰਫ਼ ਧਨ ਦੌਲਤ ਦੀ ਹੀ ਚੋਰੀ ਕਰਦੇ ਹਨ, ਪਰ ਉਹ ਚੋਰ ਜੋ ਸਾਡੀ ਇਸ ਮਨੁੱਖਾ ਦੇਹੀ ਦੀ ਸਦਾ ਚੋਰੀ ਕਰਦੇ ਤੇ ਲੁੱਟਦੇ ਰਹਿੰਦੇ ਹਨ, ਉਨ੍ਹਾਂ ਦਾ ਕੋਈ ਰੰਗ ਰੂਪ ਨਹੀਂ । ਉਹ ਸਰੀਰ ਦੇ ਅੰਦਰ ਰਹਿੰਦੇ ਹੋਏ ਆਪਣਾ ਦਾਉ ਲਾਉਂਦੇ ਰਹਿੰਦੇ ਹਨ । ਗੁਰਬਾਣੀ ਵਿੱਚ ਗੁਰੂ ਸਾਹਿਬ ਫੁਰਮਾਉਂਦੇ ਹਨ :—

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥ ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥ [ਸੋਰਠਿ ਮ: ੩, ਪੰਨਾ ੬੦੦

ਇਸ ਵੇਲੇ ਮਾਇਆ ਦਾ ਬਹੁਤ ਪਸਾਰਾ ਵਧ ਰਿਹਾ ਹੈ । ਮਾਇਆ ਦੇ ਜਾਲ ਵਿਚ ਫਸਿਆ ਜੀਵ ਸਭ ਕੁਝ ਭੁੱਲ ਜਾਂਦਾ ਹੈ ਅਤੇ ਉਸ ਦੀ ਮਤ ਮਾਰੀ ਜਾਂਦੀ ਹੈ । ਉਸ ਨੂੰ ਪੰਜੇ ਵਿਕਾਰ ਆਪਣੇ ਹੱਥਾਂ ਵਿੱਚ ਨਚਾਉਂਦੇ ਰਹਿੰਦੇ ਹਨ । ਜੀਵ ਨੂੰ ਖ਼ਿਆਲ ਨਹੀਂ ਰਹਿੰਦਾ ਕਿ ਉਸ ਦੇ ਪਿਤਾ ਅਕਾਲ ਪੁਰਖ ਨੇ ਜਿਹੜਾ ਅਨਮੋਲ ਮੋਤੀ ਵਿਹਾਝਣ ਲਈ ਭੇਜਿਆ ਸੀ ਉਹ ਵੀ ਵਿਹਾਝਣਾ ਹੈ, ਭਾਵ ਨਾਮ ਜਪ ਕੇ ਭਵ-ਸਾਗਰ ਤੋਂ ਪਾਰ ਹੋਣਾ ਹੈ ਅਤੇ ਉਜਲੇ ਮੁਖ ਨਾਲ ਸੱਚੀ ਦਰਗਾਹੇ ਪਹੁੰਚਣਾ ਹੈ । ਮਾਇਆ ਐਸਾ ਜਾਲ ਵਿਛਾਉਂਦੀ ਹੈ ਕਿ ਮਨੁੱਖ ਨੂੰ ਇੱਜ਼ਤ, ਆਪਣਾ ਖ਼ਾਨਦਾਨ ਸਭ ਭੁੱਲ ਜਾਂਦਾ ਹੈ । ਉਹ ਸਮਝਦਾ ਹੈ ਕਿ ਜੋ ਕੁਝ ਮੈਂ ਕਰ ਰਿਹਾ ਹਾਂ ਉਹੀ ਠੀਕ ਹੈ ਅਤੇ ਮਾਇਆ ਦੇ ਕਰਿੰਦੇ ਪੰਜ ਵਿਕਾਰ ਜੀਵ ਨੂੰ ਦਿਨ ਰਾਤ ਲੁਟੀ ਜਾਂਦੇ ਹਨ । ਫੁਰਹਾਨ ਹੈ:—

ਅਗਰਕ ਉਸ ਕੇ ਵਡੇ ਠਗਾਊ ॥ ਛੋਡਹਿ ਨਾਹੀ ਬਾਪ ਨ ਮਾਊ ॥ [ਆਸਾ ਮ: ੫, ਪੰਨਾ ੩੯੨

**ਕਾਮ**:—ਕਾਮ ਮਨੁੱਖੀ ਸਰੀਰ ਦੀ ਸਾਰੀ ਸਤਿਆ ਨੂੰ ਨਾਸ ਕਰਦਾ ਰਹਿੰਦਾ ਹੈ, ਇਹ ਜਾਤਿ ਕੁਜਾਤਿ ਨਹੀਂ ਦੇਖਦਾ ।

ਛਿਵੈ ਕਾਮੁ ਨ ਪੁਛੈ ਜਾਤਿ ॥

[ਮਾਝ ਕੀ ਵਾਰ ਮ: ੧ ਪੰਨਾ ੧੩੭

ਕਾਮੀ ਪੁਰਸ਼ ਸਦਾ ਅਤ੍ਰਿਪਤ ਹੀ ਰਹਿੰਦੇ ਹਨ । ਉਹ ਵਿਆਹੇ ਜਾ ਕੇ ਵੀ ਝਖਾਂ ਮਾਰਦੇ ਰਹਿੰਦੇ ਹਨ । ਇਹ ਮਨ ਕਾਮ ਨਾਲ ਵਿਲੂੰਧਰਿਆ ਰਹਿੰਦਾ ਹੈ ।

ਮਨੁ ਭੂਲੋ ਮਾਇਆ ਘਰਿ ਜਾਇ ॥
ਕਾਮਿ ਬਿਰੂਧਉ ਰਹੈ ਨ ਠਾਇ ॥

[ਗਉੜੀ ਗੁਆਰੇਰੀ ਮ: ੧, ਪੰਨਾ ੨੨੨

ਅੰਤ ਕਾਮੀ ਪੁਰਸ਼ ਦੀ ਇਹ ਹਾਲਤ ਹੋ ਜਾਂਦੀ ਹੈ ਕਿ :—

ਕਾਮਵੰਤ ਕਾਮੀ ਬਹੁ ਨਾਰੀ ਪਰਗ੍ਰਿਹ ਜੋਹ ਨ ਚੂਕੈ ॥ ਦਿਨ ਪ੍ਰਤਿ ਕਰੈ, ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ ॥੩॥

[ਧਨਾਸਰੀ ਮ: ੫, ਪੰਨਾ ੬੭੨

**ਕ੍ਰੋਧ**:—ਕ੍ਰੋਧ ਭਾਵ ਗੁੱਸਾ ਮਨੁੱਖ ਦਾ ਲਹੂ ਸੁਕਾ ਦਿੰਦਾ ਹੈ, ਜਿਸ ਨਾਲ ਮਨੁੱਖ ਦੀਆਂ ਹੱਡੀਆਂ ਸੁੱਕ ਨੇ ਤੀਲਾ ਬਣ ਜਾਂਦੀਆਂ ਹਨ । ਕ੍ਰੋਧ ਮਨੁੱਖ ਨੂੰ ਇਉਂ ਗਾਲਦਾ ਹੈ ਜਿਵੇਂ ਕਿ ਗੁਰੂ ਸਾਹਿਬ ਲਿਖਦੇ ਹਨ :—

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥

[ਦਖਣੀ ਓਅੰਕਾਰ, ਪੰਨਾ ੯੩੨

ਜਦੋਂ ਮਨੁੱਖ ਨੂੰ ਚੰਡੀ ਚੜ੍ਹ ਜਾਂਦੀ ਹੈ ਫਿਰ ਉਸ ਦੀ ਹੋਸ਼ ਮਾਰੀ ਜਾਂਦੀ ਹੈ ਅਤੇ ਕ੍ਰੋਧ-ਵਸ ਹੋ ਕੇ ਉਸ



www.AKJ.Org

ਨੂੰ ਲਾਭ ਹਾਣ ਦੀ ਵੀ ਸੋਝੀ ਨਹੀਂ ਰਹਿੰਦੀ ।

ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥

[ਸਿਰੀ ਰਾਗੁ ਮ: ੧, ਪੰਨਾ ੪੨

**ਲੋਭ** :—ਕਾਮ, ਕ੍ਰੋਧ ਤੋਂ ਬਾਅਦ ਲੋਭ ਦੀ ਵਾਰੀ ਆਉਂਦੀ ਹੈ । ਇਸ ਵਿਚ ਫਸਿਆ ਆਦਮੀ ਬੜੀ ਮੁਸ਼ਕਿਲ ਨਾਲ ਨਿਕਲ ਸਕਦਾ ਹੈ । ਲੋਭ ਮਨੁੱਖ ਦੇ ਮਨ ਅੰਦਰ ਹੌਲੀ ਹੌਲੀ ਕਦਮ ਰਖਦਾ ਹੈ । ਥੋੜ੍ਹੇ ਧਨ ਦੀ ਪ੍ਰਪਤੀ ਪਿਛੋਂ ਹੋਰ ਬਹੁਤੇ ਧਨ ਦਾ ਲੋਭ ਜਾਗ ਉੱਠਦਾ ਹੈ । ਅਖ਼ੀਰ ਲੋਭ ਮਨੁੱਖ ਨੂੰ ਆਪਣੇ ਲਾਲਚੀ ਸੰਗਲਾਂ ਨਾਲ ਬੰਨ੍ਹ ਲੈਂਦਾ ਹੈ :—

ਲੋਭਿ ਗ੍ਰਸਿਓ ਦਸਹੂ ਦਿਸ ਧਾਵਤ, ਆਸਾ
ਲਾਗਿਓ ਧਨ ਕੀ ॥ [ਆਸਾ ਮ: ੯, ਪੰਨਾ ੪੧੧

ਗੁਰੂ ਰਾਮਦਾਸ ਜੀ ਨਟ ਰਾਗ ਵਿਚ ਫੁਰਮਾਉਂਦੇ ਹਨ ਕਿ :—

ਲੋਭ ਲਹਰਿ ਸਭੁ ਸੁਆਨੁ ਹਲਕੁ ਹੈ,
ਹਲਕਿਓ ਸਭਹਿ ਬਿਗਾਰੇ ॥ [੯੮੩

**ਮੋਹ** :—ਮੋਹ ਮਨੁੱਖ ਦੇ ਆਲੇ ਦੁਆਲੇ ਐਸਾ ਜਾਲ ਤਣਦਾ ਹੈ ਕਿ ਮਨੁੱਖ ਨੂੰ ਖ਼ਬਰ ਹੀ ਨਹੀਂ ਰਹਿੰਦੀ ਕਿ ਉਹ ਕੀ ਕਰਨ ਆਇਆ ਹੈ ਤੇ ਕਰ ਕੀ ਰਿਹਾ ਹੈ । ਮਕੜੀ ਦੇ ਜਾਲ ਵਾਂਗੂ ਮੋਹ ਦੇ ਜਾਲ ਵਿਚੋਂ ਮਰਦੇ ਦਮ ਤਕ ਨਿਕਲਣਾ ਮਹਾਂ ਕਠਿਨ ਹੈ । ਮਨੁੱਖ ਆਪਣੇ ਬੱਚਿਆਂ, ਇਸਤ੍ਰੀ, ਮਾਂ ਪਿਉ ਤੇ ਧਨ ਦੌਲਤ ਦੇ ਮੋਹ ਵਿਚ ਉਲਝਿਆ ਰਹਿੰਦਾ ਹੈ, ਖੁਆਰ ਹੁੰਦਾ ਹੈ:—

ਮੋਹੁ ਕੁਟੰਬੁ ਸਭੁ ਕੂੜੁ ਹੈ, ਕੂੜਿ ਰਹਿਆ
ਲਪਟਾਇ ॥ ਅਨਦਿਨੁ ਚਿੰਤਾ ਚਿੰਤਵੈ, ਚਿੰਤਾ
ਬਧਾ ਜਾਇ ॥ [ਸਲੋਕ ਮ: ੪, ਪੰਨਾ ੧੪੨੪

ਫਿਰ ਸੁਖਮਨੀ ਸਾਹਿਬ ਵਿਚ ਹੁਕਮ ਹੈ :—

ਜਬ ਲਗੁ ਮੋਹ ਮਗਨ ਸੰਗਿ ਮਾਇ ॥
ਤਬ ਲਗੁ ਧਰਮ ਰਾਇ ਦੇਇ ਸਜਾਇ ॥

ਕੋਈ ਵਿਰਲਾ ਹੀ ਹੈ ਜੋ ਸਾਧ ਸੰਗਤ ਵਿੱਚ ਜਾ ਕੇ ਮੋਹ ਮਾਇਆ ਦੇ ਜਾਲ ਨੂੰ ਤੋੜਨ ਵਿਚ ਸਮਰੱਥ ਹੁੰਦਾ ਹੈ ।

**ਅਹੰਕਾਰ** :—ਵਡੇ ਵਡੇ ਰਿਸ਼ੀਆਂ ਮੁਨੀਆਂ ਤੇ ਵੀ ਹਾਵੀ ਹੈ ਅਤੇ ਪੰਜਵਾਂ ਚੋਰ ਅਹੰਕਾਰ ਹੈ, ਜੋ ਉੱਚੀਆਂ ਟੀਸੀਆਂ ਤੇ ਪੁਜਿਆਂ ਹੋਇਆਂ ਨੂੰ ਵੀ ਰਸਾਤਲ ਵਿਚ ਸੁੱਟ ਦਿੰਦਾ ਹੈ :—

ਅਹੰਕਾਰੁ ਕਰਹਿ ਅਹੰਕਾਰੀਆ ਵਿਆਪਿਆ
ਮਨਿ ਕੀ ਮਤਿ ॥ [੪੨

ਕਬੀਰ ਜੀ ਕਹਿੰਦੇ ਹਨ :—

ਮਾਨ ਮੁਨੀ ਮੁਨਿਵਰ ਗਲੇ, ਮਾਨੁ ਸਭੈ
ਕਉ ਖਾਇ ॥

ਅਹੰਕਾਰ ਕਈ ਤਰ੍ਹਾਂ ਦਾ ਹੈ : ਆਪਣੇ ਬਲ ਦਾ, ਧਨ ਦਾ, ਦੌਲਤ ਦਾ, ਪੁਤ੍ਰ ਧੀਆਂ ਦਾ, ਆਦਿ ।

ਬਿਖਿਆ ਕਾ ਧਨੁ ਬਹੁਤੁ ਅਭਿਮਾਨੁ ॥
ਅਹੰਕਾਰਿ ਡੂਬੈ ਨ ਪਾਵੈ ਮਾਨੁ ॥
[ਧਨਾਸਰੀ ਮ: ੩, ਪੰਨਾ ੬੬੬

ਜਿਹੜੇ ਮਨੁੱਖ ਵਾਹਿਗੁਰੂ ਦਾ ਨਾਮ ਅਭਿਆਸ ਨਹੀਂ ਕਰਦੇ ਉਨ੍ਹਾਂ ਦਾ ਪੰਜ ਵਿਕਾਰ ਸਤਿਆਨਾਸ ਕਰ ਦਿੰਦੇ ਹਨ । ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਅਰਦਾਸ ਕਰਨੀ ਚਾਹੀਦੀ ਹੈ ਕਿ :—

ਕਾਮ ਕ੍ਰੋਧ ਲੋਭ ਝੂਠ ਨਿੰਦਾ, ਇਨ ਤੇ ਆਪਿ
ਛਡਾਵਹੁ ॥ ਇਹ ਭੀਤਰ ਤੇ ਇਨ ਕਉ
ਡਾਰਹੁ, ਆਪਨ ਨਿਕਟਿ ਬੁਲਾਵਹੁ ॥
[ਸੋਰਠਿ ਮਹਲਾ ੫, ਪੰਨਾ ੬੧੭

ਜਿਹੜੇ ਗੁਰਸਿਖ ਨਾਮ ਅਭਿਆਸ ਦਾ ਆਸਰਾ ਲੈਂਦੇ ਹਨ, ਸਤਿ ਸੰਗਤਿ ਦੀ ਧੂੜੀ ਪਰਸਦੇ ਹਨ ਅਤੇ ਗੁਰਮਤਿ ਨੂੰ ਮਨ ਵਿਚ ਵਸਾਉਂਦੇ ਹਨ ਉਹ ਇਨ੍ਹਾਂ ਮਹਾਂ-ਬਲੀਆਂ ਦੀ ਮਾਰ ਤੋਂ ਬਚੇ ਰਹਿੰਦੇ ਹਨ :—

ਪੰਚ ਚੋਰ ਆਗੈ ਭਗੈ, ਜਬ ਸਾਧ ਸੰਗੇਤ ॥
ਪੂੰਜੀ ਸਾਬਤੁ ਘਣੋ ਲਾਭੁ, ਗ੍ਰਿਹਿ ਸੋਭਾ ਸੇਤ ॥
[ਬਿਲਾਵਲ ਮ: ੫, ਪੰਨਾ ੮੧੦

——o——



www.AKJ.Org

# ਸਿਖ ਰਾਗੀ ਸਭ ਤੋਂ ਮਹਿੰਗੇ—ਘਾਲ ਥੋੜ੍ਹੀ ਮਾਲ ਬਹੁਤਾ

[ਵਲੋਂ—ਗਿਆਨੀ ਗੁਰਬਚਨ ਸਿੰਘ ਜੀ, ਮੈਨੇਜਰ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਜੀ,ਪਟਨਾ ਸਾਹਿਬ]

ਹਾਲਾਤ ਨੇ ਬਹੁਤ ਵਡਾ ਪਲਟਾ ਖਾਧਾ ਹੈ। ਮਾਇਆ ਨੇ ਆਪਣਾ ਅਮਰ ਵਰਤਾ ਲਿਆ ਹੈ। ਸਿਖ ਕੌਮ ਮਿਹਨਤੀ, ਬਹਾਦਰ ਅਤੇ ਆਪਣੇ ਗੁਰਾਂ ਤੋਂ ਦਿਲੋ-ਜਾਨ ਵਾਰਨ ਵਾਲੀ ਹੈ। ਪਰੰਤੂ ਸਿਖੀ ਦੇ ਚਸ਼ਮੇ—ਪਰਚਾਰਕ, ਗ੍ਰੰਥੀ, ਕਥਾ-ਵਾਚਕ ਇੰਨੇ ਘਟ ਗਏ ਹਨ ਕਿ ਲੋੜ ਪੂਰੀ ਨਹੀਂ ਹੋ ਰਹੀ। ਜਿਹੜੇ ਹਨ ਉਹ ਵੀ ਇਹ ਦੇਖਦੇ ਹਨ ਕਿ ਜਿਥੇ ਲਗਣਾ ਹੈ ਉਥੇ ਆਮਦਨ ਕਿੰਨੀ ਕੁ ਹੈ। ਪਰ ਚਲੋ, ਜੈਸਾ ਕੈਸਾ ਕੰਮ ਤਾਂ ਚਲ ਹੀ ਰਿਹਾ ਹੈ। ਘਟੋ ਘਟ ਕੋਈ ਨਵੀਂ ਗੱਲ, ਦਲੀਲ, ਕੋਈ ਨਵਾਂ ਸ਼ਬਦ ਜਾਂ ਵਾਕ ਪੜ੍ਹਦੇ ਹੀ ਹੋਣਗੇ। ਸਿੰਗਰ ਤੇ ਕਵੀ ਵੀ ਇਵੇਂ ਹੀ ਸਮਝੋ।

ਪਰੰਤੂ ਹੈਰਾਨੀ ਤਾਂ ਇਹ ਹੈ ਕਿ ਬਾਣੀ (ਰਾਸ) ਗੁਰਾਂ ਦੀ, ਵਾਜੇ ਸਾਜ਼ ਕਮੇਟੀਆਂ ਦੇ, ਕੇਵਲ ਗਲੇ ਤੋਂ ਬੋਲਣਾ ਹੈ, ਅਤੇ ਸ਼ਬਦ ਭੀ ਓਹ ਜਿਹੜੇ ਦਸ ਸਾਲ ਪਹਿਲਾਂ ਸੁਣੇ ਸਨ ਓਹੋ ਹੀ ਫਿਰ ਸੁਣ ਲਵੋ। ਕੋਈ ਨਵਾਂ ਸ਼ਬਦ ਨਹੀਂ ਯਾਦ ਕਰਨਾ, ਮਿਹਨਤ ਨਹੀਂ, ਰਿਆਜ਼ ਨਹੀਂ। ਆਸਾ ਦੀ ਵਾਰ ਹੀ ਲੈ ਲਵੋ, ਇਕ ਰਾਗੀ ਜਥੇ ਨੇ ਆਪਣੇ ਜਨਮ ਵਿਚ ਪੈਂਤੀ ਸੌ ਵਾਰ ਤਾਂ ਪੜ੍ਹੀ ਹੋਵੇਗੀ, ਦਸਾਂ ਸਾਲਾਂ ਵਿਚ। ਕੋਲੋਂ ਕੀ ਖਰਚ ਕੀਤਾ? ਦਿਮਾਗ ਲੜਾਇਆ ਨਹੀਂ, ਵਧੀਕ ਮਿਹਨਤ ਕੀਤੀ ਨਹੀਂ, ਇਥੇ ਵੀ ਓਹੋ ਸ਼ਬਦ, ਬਾਹਰ ਗਏ ਤਾਂ ਵੀ ਓਹੋ ਸ਼ਬਦ, ਓਹੋ ਤਰਜ਼ਾਂ ਤੇ ਓਹੋ ਤਰੀਕੇ। ਪਰ ਮਾਇਆ ਦਾ ਠੇਕਾ ਕਰਨ ਲਗੇ ਹਾਥੀ ਦੇ ਮੁੱਲ ਜਿੰਨਾ ਕਰਨਗੇ, "ਜੀ, ਇਸ ਤੋਂ ਘਟ ਸਾਨੂੰ ਨਹੀਂ ਪੁਗਦਾ।" ਕੀ ਕਰੇ ਕਮੇਟੀ ਤੇ ਕੀ ਕਰੇ ਸੰਗਤ, ਦੇਣਾ ਹੀ ਪੈਂਦਾ ਹੈ। ਖਾਓ, ਪੀਓ. ਮੌਜ ਕਰੋ, ਪਰ ਰੱਬ ਤੋਂ ਡਰ ਕੇ ੧੪੩੦ ਪੰਨਿਆਂ ਵਿਚੋਂ ਕੋਈ ਹੋਰ ਸ਼ਬਦ ਭੀ ਤਾਂ ਯਾਦ ਕਰਨ ਦੀ ਖੇਚਲ ਕੀਤਾ ਕਰੋ, ਤਾਂਕਿ ਤੁਹਾਡਾ ਗਿਆਨ ਵਧੇ ਤੇ ਸੰਗਤਾਂ ਦੀ ਕਮਾਈ ਸਫਲ ਹੋਵੇ।

ਗੁਰਦੁਆਰਾ ਕਮੇਟੀਆਂ ਮਜਬੂਰ ਹਨ, ਰਾਗੀ ਅਰਦਾਸਿਆਂ ਦੀ ਆਈ ਮਾਇਆ ਚੋਂ ਵੀ ਅੱਧ ਵੰਡਾ ਲੈਂਦੇ ਹਨ। ਕਈ ਥਾਈਂ ਤਾਂ ਜ਼ਿਮੇਵਾਰ ਰਾਗੀ ਆਪਣੇ ਬਾਲ ਬੱਚੇ ਨੂੰ ਦਰਸ਼ਨ ਕਰਾਣ ਦੇ ਬਹਾਨੇ ਨਾਲ ਲੈ ਆਉਂਦੇ ਹਨ ਅਤੇ ਕਰਾਏ ਕਮੇਟੀਆਂ ਪਾਸੋਂ ਮੰਗਦੇ ਹਨ। ਇਸ ਤਰ੍ਹਾਂ ਦੇ ਅਨ-ਲਿਮਿਟਿਡ ਜਥੇ ਪੰਥ ਦਾ ਕੀ ਸਵਾਰਦੇ ਹਨ। ਜਿਥੇ ਇੰਨਾ ਸਵਾਰਥ ਵਧ ਜਾਏ, ਉਸ ਕੌਮ ਦਾ ਕੀ ਬਣੇਗਾ? ਧਾਰਮਕ ਬੰਦੇ ਸੋਚਣ, ਸਮਝਣ ਅਤੇ ਅਗੇ ਵਧਣ। ਕੋਈ ਰਾਹ ਕਢੋ ਅਤੇ ਬਾਨ੍ਹਣੂ ਬੰਨ੍ਹੋ।

---

# ਬਰੈਡਫ਼ੋਰਡ (ਇੰਗਲੈਂਡ) ਵਿਖੇ ਕੀਰਤਨ ਰੈਣ-ਸਬਾਈ ਤੇ ਅੰਮ੍ਰਿਤ-ਸਿੰਚਾਰ

ਬੀਬੀ ਹਰਜੀਤ ਕੌਰ ਜੀ (ਭੈਣ ਗਿ: ਨਾਹਰ ਸਿੰਘ ਜੀ ਗੁਜਰਵਾਲ) ਖ਼ਬਰ ਦਿੰਦੇ ਹਨ ਕਿ ਅਖੰਡ ਕੀਰਤਨੀ ਜਥਾ ਯੂ. ਕੇ. ਦੀ ਮਿਲਵਰਤਣ ਨਾਲ ਗੁਰਦਵਾਰਾ ਗੁਰੂ ਗੋਬਿੰਦ ਸਿੰਘ, Sike Temple, Malvern St. off Leads Road Bradford (U.K.) ਵਿਖੇ ੨੯ ਨਵੰਬਰ ੧੯੭੫ ਸ਼ਨੀਵਾਰ ਨੂੰ ਰੈਣ-ਸਬਾਈ ਕੀਰਤਨ ਰਾਤ ਨੂੰ ਅਠ ਵਜੇ ਅਰੰਭ ਹੋਣਗੇ ਜਿਸ ਦੀ ਸਮਾਪਤੀ ਐਤਵਾਰ ਸਵੇਰੇ ਅਠ ਵਜੇ ਹੋਵੇਗੀ। ੨੯ ਨਵੰਬਰ ਸ਼ਨੀਵਾਰ ਚਾਰ ਵਜੇ ਸ਼ਾਮ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ ਹੋਣਗੇ। ਅਭਿਲਾਖੀ ਜਨ ਪੰਜ-ਕਕਾਰੀ ਰਹਿਤ ਧਾਰਨ ਕਰ ਕੇ ਵਕਤ ਸਿਰ ਪੁਜ ਜਾਣ। ਗੁਰੂ ਕਾ ਲੰਗਰ ਅਤੁਟ ਵਰਤੇਗਾ।

ਪੁਛ-ਗਿਛ ਲਈ—*Tele* : 0274-47081



www.AKJ.Org

# ਪੰਜਾਬੀਆਂ ਨੂੰ ਨਸ਼ਿਆਂ ਤੋਂ ਬਚਾਓ !,

[ਸ: ਜਸਵੰਤ ਸਿੰਘ ਜੀ, ਮਾਸਟਰ ਤਾਰਾ ਸਿੰਘ ਹਾਊਸ, ਰਣਜੀਤਪੁਰ, ਅੰਮ੍ਰਿਤਸਰ]

ਹਿੰਦੁਸਤਾਨ ਉਤੇ ਹਮਲੇ ਸਦਾ ਪੰਜਾਬ ਦੇ ਰਸਤੇ ਹੁੰਦੇ ਰਹੇ ਅਤੇ ਜੰਗ ਦਾ ਆਖ਼ਰੀ ਮੈਦਾਨ ਪਾਨੀਪਤ ਰਿਹਾ। ਇਸ ਤੋਂ ਬਾਅਦ ਦਾ ਹਿੰਦੁਸਤਾਨ, ਲੜੇ ਬਗ਼ੈਰ ਅਧੀਨਗੀ ਮੰਨਦਾ ਰਿਹਾ। ਸਿੱਖ ਧਰਮ ਤੋਂ ਪਹਿਲਾਂ, ਹਮਲਾਆਵਰਾਂ ਦਾ ਮੁਕਾਬਲਾ ਕਰਨ ਨੂੰ ਪੰਜਾਬ ਦਾ ਹਿੰਦੂ ਭੀ ਕਮਜ਼ੋਰ ਸੀ ਅਤੇ ਹਮਲਾ-ਆਵਰਾਂ ਤੋਂ ਆਪਣੀਆਂ ਬਹੂ-ਬੇਟੀਆਂ ਖੁਹਾ ਕੇ ਜ਼ਲੀਲੀ ਜੀਵਨ ਗੁਜ਼ਾਰਦਾ ਸੀ। ਇਸ ਬੁਰੀ ਹਾਲਤ ਨੂੰ ਸਿੱਖ ਪੰਥ ਨੇ ਉਭਰ ਕੇ ਸਦਾ ਲਈ ਖ਼ਤਮ ਕੀਤਾ। ਸਦਾ ਹੀ ਪੰਜਾਬ ਦੀ ਤਾਕਤ 'ਸਿੱਖ' ਹੋਇਆ। ਜਦ ਸਿੱਖ ਤੱਕੜਾ ਹੋਇਆ ਤਾਂ ਪੰਜਾਬ ਤੱਕੜਾ ਹੋਇਆ ਅਤੇ ਇਸ ਤਰ੍ਹਾਂ ਹੀ ਜਦ ਸਿੱਖ ਕਮਜ਼ੋਰ ਹੋਇਆ ਤਾਂ ਪੰਜਾਬ ਕਮਜ਼ੋਰ ਹੋਇਆ। ਇਹ 'ਪੰਜਾਬ' ਭਾਰਤ ਦੀ ਪਾਲਣਾ ਕਰਨ ਤੇ ਰੱਖਿਆ ਕਰਨ ਦਾ ਸਹਾਰਾ ਹੈ। ਜੇ ਪੰਜਾਬ ਜ਼ਿੰਦਾ ਰਿਹਾ ਤਾਂ ਉਹ ਬਾਕੀ ਭਾਰਤ ਨੂੰ ਖੜਾ ਕਰਨ ਵਾਲਾ ਹੋ ਸਕਦਾ ਹੈ, ਪਰ ਜੇ ਪੰਜਾਬ ਹੀ ਮਰ ਗਿਆ ਤਾਂ ਭਾਰਤ ਨੂੰ ਮੁੜ ਖੜਾ ਕਰਨ ਵਾਲਾ ਕੋਈ ਹੋਰ ਨਹੀਂ ਰਹਿੰਦਾ। ਇਸ ਲਈ ਪੰਜਾਬੀਆਂ ਦੇ ਮਨ ਤੇ ਤਨ ਨੂੰ ਤੱਕੜਾ ਕਰਨ ਵਲ ਖ਼ਾਸ ਧਿਆਨ ਦੇਣ ਦੀ ਜ਼ਰੂਰਤ ਹੈ। ਇਸ ਲੇਖ ਵਿਚ ਅਸੀਂ ਪੰਜਾਬੀਆਂ ਦੇ ਤਨ (ਸਰੀਰ) ਨੂੰ ਤੱਕੜਾ ਤੇ ਮਜ਼ਬੂਤ ਕਰਨ ਦੀ ਗੱਲ ਕਰਦੇ ਹਾਂ।

ਇਸ ਸਮੇਂ ਪੰਜਾਬ ਦੇ ਅੰਦਰ ਨਸ਼ਿਆਂ ਦਾ ਇਸਤਿ-ਮਾਲ ਬਹੁਤ ਤੇਜ਼ੀ ਨਾਲ ਵੱਧ ਰਿਹਾ ਹੈ। ਨਸ਼ਿਆਂ ਦੇ ਨਾਲ ਪੰਜਾਬੀਆਂ ਦਾ ਸਰੀਰ ਕਮਜ਼ੋਰ ਹੁੰਦਾ ਜਾ ਰਿਹਾ ਹੈ, ਇਸ ਲਈ ਪੰਜਾਬ ਦੇ ਅੰਦਰ, ਨਸ਼ਿਆਂ ਨੂੰ ਘੱਟ ਕਰ ਕੇ ਖ਼ਤਮ ਕੀਤਾ ਜਾਵੇ। ਨਸ਼ਾ-ਕਰਨਾ ਰੋਕਣ ਲਈ ਕਾਨੂੰਨ ਯਾ ਤਾਕਤ ਦਾ ਇਸਤਿਮਾਲ ਕਰਨਾ ਠੀਕ ਨਹੀਂ, ਗ਼ਲਤ ਗੱਲ ਹੈ, ਕਿਉਂਕਿ ਇਸ ਤਰ੍ਹਾਂ ਨਸ਼ਾ-ਕਰਨ ਦਾ ਸ਼ੌਕੀਨ ਆਪਣਾ ਝਸ ਪੂਰਾ ਕਰਨ ਲਈ ਕੋਈ ਹੋਰ ਰਾਹ ਕੱਢ ਲੈਂਦਾ ਹੈ; ਜਿਸ ਦਾ ਨਤੀਜਾ ਬੁਰਾ ਤੇ ਖ਼ਤਰਨਾਕ ਹੋਇਆ ਕਰਦਾ ਹੈ। ਇਸ ਲਈ ਮੈਂ ਕਹਿੰਦਾ ਹਾਂ : **ਨਸ਼ਾ ਪੀਣ ਦੇ ਹੱਕ ਵਿਚ ਪਰਚਾਰ ਕਰਨ ਦੀ ਮਨਾਹੀ ਹੋਵੇ। ਨਸ਼ਾ ਕਰਨ ਵਾਲੇ ਪਰਾਈਵੇਟ ਥਾਵਾਂ ਤੇ ਨਸ਼ਾ ਕਰ ਸੱਕਣ; ਪਰ ਲੋਕਾਂ ਦੀ ਆਵਾਜਾਈ ਵਾਲੀਆਂ ਥਾਵਾਂ, ਬਜ਼ਾਰਾਂ, ਗਲੀਆਂ ਅਤੇ ਸੜਕਾਂ ਆਦਿ ਤੇ ਨਸ਼ਾ-ਕਰਨ ਦੀ ਮਨਾਹੀ ਹੋਵੇ।** ਇਸ ਤਰ੍ਹਾਂ ਕੋਈ ਉਸ ਥਾਂ ਤੇ ਨਸ਼ਾ ਨਾ ਕਰੇ ਜਿਥੇ ਆਮ ਲੋਕ ਉਸ ਨੂੰ ਨਸ਼ਾ ਕਰਦੇ ਵੇਖਣ। ਨਸ਼ਾ ਪੀਣ ਦੀ ਆਦਤ ਵੇਖਾ-ਵੇਖੀ ਵੱਧ ਰਹੀ ਹੈ। ਇਸ ਕਰਕੇ ਲੋਕਾਂ ਨੂੰ ਵਿਖਾ ਕੇ ਨਸ਼ਾ ਕਰਨਾ ਬੰਦ ਕਰ ਦਿਤਾ ਜਾਵੇ—ਇਸ ਤਰ੍ਹਾਂ ਨਸ਼ਾ ਕਰਨ ਦੇ ਹੱਕ ਵਿਚ, ਪਰੇਰਨਾ ਤੇ ਪ੍ਰਚਾਰ ਰੁਕ ਜਾਂਦਾ ਹੈ, ਜਿਸ ਤੋਂ ਸਹਿਜੇ ਸਹਿਜੇ ਨਸ਼ਿਆਂ ਦਾ ਇਸਤਿਮਾਲ ਘਟਦਾ ਘਟਦਾ ਮੁਕ ਸਕਦਾ ਹੈ।

ਨਸ਼ੇ (ਸ਼ਰਾਬ, ਬੀੜੀ, ਸਿਗਰਟ ਆਦਿ) ਵੇਚਣ ਦੀਆਂ ਦੁਕਾਨਾਂ, ਆਮ ਲੋਕਾਂ ਦੀਆਂ ਨਜ਼ਰਾਂ ਤੋਂ ਦੂਰ, ਪੁਲਸ ਚੌਂਕੀਆਂ ਦੇ ਨਜ਼ਦੀਕ ਕਰ ਦਿਤੀਆਂ ਜਾਣ ਅਤੇ ਹੋਰ ਕਿਧਰੇ ਨਾ ਰਹਿਣ। ਇਸ ਤਰ੍ਹਾਂ ਰਾਹ-ਜਾਂਦਿਆਂ ਨੂੰ ਜੋ ਨਸ਼ਾ ਖ਼ਰੀਦਣ ਲਈ ਉਕ-ਸਾਹਟ ਹੁੰਦੀ ਹੈ ਉਹ ਨਹੀਂ ਹੋਵੇਗੀ ਅਤੇ ਨਸ਼ਿਆਂ ਦਾ ਇਸਤਿਮਾਲ ਘੱਟਦਾ ਘੱਟਦਾ ਘੱਟ ਜਾਵੇਗਾ।

ਇਥੇ ਇਹ ਗੱਲ ਕਹਿੰਦਾ ਹਾਂ : ਇਨ੍ਹਾਂ ਦੁਕਾਨਾਂ ਤੋਂ ਸ਼ਰਾਬ, ਸਿਗਰਟ ਤੇ ਬੀੜੀਆਂ ਆਦਿ ਸਸਤੇ ਮੁਲ਼ ਤੋਂ ਮਿਲਣ ਤਾਂ ਜੁ ਇਨ੍ਹਾਂ ਦਾ ਗ਼ੈਰ-ਕਾਨੂੰਨੀ ਵਪਾਰ ਨਾ ਹੋਵੇ। ਇਥੇ ਇਨ੍ਹਾਂ ਦਾ ਸਸਤਾ ਮੁੱਲ ਰੱਖ ਕੇ ਇਨ੍ਹਾਂ ਦਾ ਗ਼ੈਰ-ਕਾਨੂੰਨੀ ਵਪਾਰ ਰੋਕਣਾ ਜ਼ਰੂਰੀ ਹੈ; ਗੈਰ ਕਾਨੂੰਨੀ ਵਪਾਰ ਦੇ ਨਾਲ ਕਈ ਬੁਰਾਈਆਂ ਉਭਰ ਪੈਂਦੀਆਂ ਹਨ, ਜੋ ਬਾਹਲਾ ਨੁਕਸਾਨ ਕਰਦੀਆਂ ਹਨ।

ਸਿਗਰਟ, ਬੀੜੀ ਪੀਣ ਦਾ ਰਿਵਾਜ ਬਹੁਤ ਤੇਜ਼ੀ



www.AKJ.Org

ਨਾਲ ਵੱਧ ਰਿਹਾ ਹੈ। ਸ਼ਰਾਬ ਪੀਣ ਵਾਲਾ ਕੇਵਲ ਆਪਣਾ ਨਾਸ ਕਰਦਾ ਹੈ, ਪਰ ਸਿਗਟਟ ਬੀੜੀ ਪੀਣ ਵਾਲਾ ਤੰਬਾਕੂ ਦੇ ਧੂਏਂ ਨਾਲ ਹੋਰਨਾਂ ਦਾ ਵੀ ਸਤਿਆਨਾਸ ਕਰਦਾ ਹੈ। ਇਸ ਤੋਂ ਇਲਾਵਾ ਤੰਬਾਕੂ ਦਾ ਧੂਆਂ ਕਿਸੇ ਸਿੱਖ ਨੂੰ ਦੇਣਾ ਉਸ ਦੇ ਧਰਮ ਦਾ ਅਪਮਾਨ ਕਰਨਾ ਹੈ; ਹਰ ਇਕ ਨੂੰ ਆਪਣੇ ਧਰਮ ਦਾ ਅਪਮਾਨ ਕਰਨ ਤੋਂ ਰੋਕਣ ਲਈ ਸਖ਼ਤ ਕਾਰਵਾਈ ਕਰਨ ਦਾ ਹੱਕ ਹੈ ਤੇ ਇਹੋ ਹੱਕ ਸਿੱਖ ਨੂੰ ਭੀ ਹੈ। ਥਾਂ ਥਾਂ ਤੋਂ ਇਹ ਮਤੇ ਪਾਸ ਕਰ ਕੇ ਸਰਕਾਰ ਨੂੰ ਭੇਜੇ ਜਾਣ—

"ਨਸ਼ੇ ਵੇਚਣ ਵਾਲੀਆਂ ਦੁਕਾਨਾਂ (ਜੋ ਸ਼ਰਾਬ, ਸਿਗਰਟ ਤੇ ਬੀੜੀ ਆਦਿ ਦੀਆਂ ਹਨ) ਉਹ ਲੋਕਾਂ ਦੀ ਆਮ ਆਵਾਜਾਈ ਦੀਆਂ ਥਾਵਾਂ ਤੇ ਨਾ ਹੋਣ, ਲੋਕਾਂ ਦੀ ਨਜ਼ਰ ਤੋਂ ਦੂਰ ਪੁਲਸ-ਚੌਂਕੀਆਂ ਦੇ ਨਜ਼ਦੀਕ ਕਰ ਦਿਤੀਆਂ ਜਾਣ। ਇਹ ਕਰਨ ਲਈ ਲੋਕ, ਸਰਕਾਰ ਨੂੰ ਤੇ ਦੁਕਾਨਦਾਰਾਂ ਨੂੰ ਮਜਬੂਰ ਕਰਨ। ਜੋ ਕੀ ਲੋਕਾਂ ਦੀ ਆਮ ਆਵਾਜਾਈ ਦੀਆਂ ਥਾਵਾਂ ਤੋਂ, ਸਿਗਰਟ ਬੀੜੀ ਪੀਂਦਾ ਲੰਘੇ ਉਸ ਨੂੰ ਰੋਕਿਆ ਜਾਵੇ ਅਤੇ; ਨਾ ਹੀ ਕਿਧਰੇ ਸ਼ਰਾਬ, ਸਿਗਰਟ ਬੀੜੀ ਦਾ ਬੋਰਡ ਰਹੇ। ਇਹ ਪ੍ਰੋਗਰਾਮ ਆਮ ਲੋਕ ਕਰਨ।

"ਇਸ ਗੱਲ ਦਾ ਧਿਆਨ ਕੀਤਾ ਜਾਵੇ : ਕਿਸੇ ਗ਼ੈਰ-ਮੁਲਕੀ ਨੂੰ ਸਿਗਰਟ ਯਾ ਕੋਈ ਹੋਰ ਨਸ਼ਾ ਕਰਦੇ ਨੂੰ ਰੋਕਿਆ ਨਾ ਜਾਵੇ। ਕਿਸੇ ਗ਼ੈਰ-ਮੁਲਕੀ ਦੀ ਹੱਤਕ ਕਰ ਕੇ ਸਾਡੀ ਕੌਮ ਤੇ ਦੇਸ਼ ਦੀ ਬਦਨਾਮੀ ਹੁੰਦੀ ਹੈ, ਜੋ ਸਖ਼ਤ ਬੁਰੀ ਗੱਲ ਹੈ।"

——o——

# ਦਸੂਹਾ ਵਿਖੇ ਭਾਰੀ ਗੁਰਮਤਿ ਸਮਾਗਮ

ਬੇਨਤੀ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਮਹਾਨ ਕਿਰਪਾ ਸਦਕਾ ਉਨ੍ਹਾਂ ਦੇ ੩੦੦ ਸਾਲਾ ਸ਼ਹੀਦੀ ਦਿਵਸ ਹਿਤ ਇਲਾਕਾ ਦਸੂਹਾ ਵਲੋਂ, ਖ਼ਾਲਸਾ ਹਾਈ ਸਕੂਲ ਦਸੂਹਾ ਵਿਖੇ ਮਹਾਨ ਗੁਰਮਤਿ ਸਮਾਗਮ ਸਜ ਰਹੇ ਹਨ, ਜਿਸ ਵਿਚ ਅਖੰਡ ਕੀਰਤਨ, ਗੁਰਬਾਣੀ ਦੀ ਕਥਾ ਅਤੇ ਅੰਮ੍ਰਿਤ-ਸਿੰਚਾਰ ਹੋਣਗੇ। ਸੰਗਤਾਂ ਹੁਮ-ਹੁਮਾ ਕੇ ਦਰਸ਼ਨ ਦੇਣ ਅਤੇ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ।

ਕੀਰਤਨ-ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ :—

੭ ਨਵੰਬਰ ਸ਼ੁਕਰਵਾਰ ਸਵੇਰੇ ਪੰਜ ਵਜੇ ਭੋਗ ਸ੍ਰੀ ਅਖੰਡ ਪਾਠ, ਉਪਰੰਤ ਨੌਂ ਵਜੇ ਤਕ ਅਖੰਡ ਕੀਰਤਨ ਗੁਰਦਵਾਰਾ ਸ੍ਰੀ ਗੁਰੂ **ਸਿੰਘ** ਸਭਾ ਵਿਖੇ

ਸ਼ਾਮ ਪੰਜ ਤੋਂ ਸਾਢੇ ਅਠ ਅਖੰਡ ਕੀਰਤਨ, ਖ਼ਾਲਸਾ ਹਾਈ ਸਕੂਲ, ਦਸੂਹਾ ਵਿਖੇ।

੮ ਨਵੰਬਰ ਸ਼ਨੀਵਾਰ ਸਵੇਰੇ ਚਾਰ ਤੋਂ ਸਾਢੇ ਸਤ ਤਕ ਅਖੰਡ ਕੀਰਤਨ

ਸ਼ਾਮ ਪੰਜ ਤੋਂ ਸਾਢੇ ਅਠ ਅਖੰਡ ਕੀਰਤਨ।

੯ ਨਵੰਬਰ ਐਤਵਾਰ ਸਵੇਰੇ ਚਾਰ ਤੋਂ ਸਾਢੇ ਬਾਰ੍ਹਾਂ ਅਖੰਡ ਕੀਰਤਨ

**ਅੰਮ੍ਰਿਤ ਸਿੰਚਾਰ** ਸਵੇਰੇ ਅਠ ਵਜੇ ਅਰੰਭ ਹੋਵੇਗਾ।

ਨੋਟ :—(੧) ਲੋੜ ਅਨੁਸਾਰ ਬਿਸਤਰੇ ਜ਼ਰੂਰ ਲਿਆਓ ਜੀ। (੨) ਸਮਾਗਮ ਅਸਥਾਨ ਖ਼ਾਲਸਾ ਹਾਈ ਸਕੂਲ, ਨਵੇਂ ਹਸਪਤਾਲ ਦੇ ਸਾਹਮਣੇ ਤੇ ਬਸ-ਸਟੈਂਡ ਤੋਂ ਦੋ ਫ਼ਰਲਾਂਗ ਤੇ ਦਸੂਹਾ-ਹੁਸ਼ਿਆਰਪੁਰ ਸੜਕ ਤੇ ਹੈ।

ਪੁਛ-ਗਿਛ :—
ਸ: ਮਹਿੰਦਰ **ਸਿੰਘ** S.D.O, ਦਸੂਹਾ

ਦਾਸਰੇ—
ਸੰਗਤ ਇਲਾਕਾ ਦਸੂਹਾ



www.AKJ.Org

# ਬੀਬੀ ਦੋਦੋ ਰਾਣੀ

[ਵਲੋਂ—ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿਲੀ–੩੧]

ਪਾਕਿਸਤਾਨ ਵਾਲੇ ਪਾਸੇ ਦਰਿਆ ਰਾਵੀ ਦੇ ਕੰਢੇ 'ਕਰਤਾਰ ਪੁਰ' ਨਾਂ ਦਾ ਨਗਰ ਹੈ। ਇਹ ਗੁਰੂ ਨਾਨਕ ਸਾਹਿਬ ਜੀ ਨੇ ਸੰਨ ੧੫੧੬ ਈਸਵੀ ਵਿਚ ਵਸਾਇਆ ਸੀ। ਇਥੋਂ ਨੇੜੇ ਹੀ 'ਦੋਦਾ' ਨਾਂ ਦਾ ਇਕ ਨਿੱਕਾ ਜਿਹਾ ਪਿੰਡ ਹੈ। ਇਥੇ ਭਾਈ ਦੋਦਾ ਜੀ ਰਹਿੰਦੇ ਸਨ, ਜਿਨ੍ਹਾਂ ਦੀ ਪਵਿੱਤ੍ਰ ਯਾਦ ਵਿਚ ਅੱਜ ਵੀ ਇਹ ਪਿੰਡ ਗਵਾਹੀ ਦਿੰਦਾ ਹੈ। ਪਰ ਇਹ ਗੱਲ ਓਦੋਂ ਦੀ ਹੈ ਜਦੋਂ 'ਕਰਤਾਰ ਪੁਰ' ਅਜੇ ਵਸਿਆ ਨਹੀਂ ਸੀ। ਇਥੇ ਜੰਗਲ ਹੀ ਜੰਗਲ ਸਨ ਅਤੇ ਨਾ ਹੀ ਦੋਦਾ ਪਿੰਡ ਖ਼ਾਸ ਵਜੂਦ ਵਿਚ ਆਇਆ ਸੀ; ਐਵੇਂ ਮਮੂਲੀ ਜਿਹੇ ਘਰ ਸਨ।

ਭਾਈ ਦੋਦਾ ਜੀ, ਜ਼ਿਮੀਦਾਰਾ ਕੰਮ ਕਰਦੇ ਸਨ। ਆਪ ਦੀ ਧਰਮਪਤਨੀ ਨੂੰ ਲੋਕੀਂ 'ਦੋਦੋ ਰਾਣੀ' ਕਹਿ ਕੇ ਬੁਲਾਇਆ ਕਰਦੇ ਸਨ। ਦੋਦੋ ਰਾਣੀ ਜੀ ਨੇਕ ਸੁਭਾ ਵਾਲੇ ਅਤੇ ਪਤੀ ਦੇ ਆਗਿਆਕਾਰ ਸਨ। ਦੁਪਹਿਰ ਦੇ ਸਮੇਂ ਪਤੀ ਵਾਸਤੇ ਰੋਟੀ ਅਤੇ ਲੱਸੀ ਦੀ ਮਟਕੀ ਲੈ ਕੇ ਖੇਤਾਂ ਵਿਚ ਪੁਜ ਜਾਂਦੇ ਸਨ। ਫਿਰ ਪਤੀ ਦੇ ਕੰਮ-ਕਾਰ ਵਿਚ ਵੀ ਸਹਾਇਤਾ ਕਰਦੇ ਸਨ। ਇਸ ਤਰ੍ਹਾਂ ਆਪ ਪਤੀ ਦੀ ਸੇਵਾ ਕਰਦੇ ਹੋਏ ਅਕੇਵਾਂ ਥਕੇਵਾਂ ਮਹਿਸੂਸ ਨਹੀਂ ਕਰਦੇ ਸਨ।

ਬੀਬੀ ਸੰਤ ਕੌਰ ਨੇ ਇਕ ਨਿੱਕੀ ਜਿਹੀ ਪੁਸਤਕ 'ਬੀਬੀ ਸ਼ੀਲ ਕੌਰ' ਲਿਖੀ ਹੈ। ਉਸ ਦੇ ਪੰਨਾ ੨੫ ਤੇ ਲਿਖਦੇ ਹਨ, "ਜਿਵੇਂ ਬੀਬੀ ਸ਼ੀਲ ਕੌਰ ਦੂਸਰੀਆਂ ਇਸਤ੍ਰੀਆਂ ਨੂੰ ਸਮਝਾਉਂਦੀ ਹੋਈ ਕਹਿੰਦੀ ਹੈ ਕਿ ਤੁਸੀਂ ਸਾਰੀਆਂ ਪਤੀ ਦੇ ਹੁਕਮ ਵਿਚ ਹਰਦਮ ਰਹੋ। ਦੇਖੋ, ਫਿਰ ਕੀ ਕੀ ਸੁਖ ਮਿਲਦੇ ਹਨ ਤੇ ਤੁਹਾਡੀ ਪ੍ਰੇਮ ਦੀ ਸੇਵਾ ਦੇਖ ਕੇ ਤੁਹਾਡੇ ਪਤੀ ਕਿਦਾਂ ਵਸ ਹੁੰਦੇ ਹਨ।"

ਬੀਬੀ ਦੋਦੋ ਰਾਣੀ ਵੀ ਇਸੇ ਪਾਏ ਦੀ ਇਸਤ੍ਰੀ ਸੀ।

ਭਾਈ ਦੋਦਾ ਜੀ, ਸ਼ੁਰੂ ਤੋਂ ਹਿਰਦੇ ਵਿਚ ਇਹ ਖ਼ਾਹਿਸ਼ ਰਖਦੇ ਸਨ ਕਿ ਘਰ ਵਿਚ ਦੁੱਧ ਪੁੱਤ ਦੀ ਕਮੀ ਨ ਰਹੇ। ਘਰ ਵਿਚ ਲਵੇਰਾ ਹੋਣ ਕਰਕੇ ਦੁੱਧ ਤਾਂ ਗੁਜ਼ਾਰੇ ਜੋਗਾ ਹੈਸੀ ਪਰ ਅਜੇ ਤਕ ਵਿਹੜੇ ਵਿਚ ਕੋਈ ਬਾਲ ਨਹੀਂ ਸੀ ਖੇਡਿਆ। ਇਸ ਕਮੀ ਕਾਰਨ ਭਾਈ ਦੋਦਾ ਜੀ ਚਿੰਤਾਤੁਰ ਰਹਿੰਦੇ ਸਨ। ਵਿਆਹ ਨੂੰ ਪੰਜ ਸਾਲ ਬੀਤ ਚੁਕੇ ਸਨ। ਬੀਬੀ ਦੋਦੋ ਰਾਣੀ ਦੇ ਖ਼ਿਆਲ ਇਸ ਤੋਂ ਉਚੇਰੇ ਸਨ, ਅਤੇ ਆਪ ਰੱਬ ਦੀ ਰਜ਼ਾ ਵਿਚ ਰਹਿਣਾ ਪਸੰਦ ਕਰਦੇ ਸਨ। ਆਪ ਕਿਹਾ ਕਰਦੇ ਸਨ—ਅੱਛਾ ! ਜਦੋਂ ਦਾਤੇ ਦੀ ਮਿਹਰ ਹੋਏਗੀ, ਕੁਖ ਹਰੀ ਹੋ ਜਾਏਗੀ।

ਇਕ ਦਿਨ ਬੀਬੀ ਦੋਦੋ ਰਾਣੀ ਜੀ ਖੁਲ੍ਹੀਆਂ ਹਵਾਵਾਂ ਵਿਚ ਵਿਚਰ ਰਹੇ ਸਨ ਕਿ ਕੰਨਾਂ ਵਿਚ ਕੋਈ ਬੜੀ ਮਿਠੀ ਅਵਾਜ਼ ਪਈ, ਜਿਵੇਂ ਕੋਈ ਗਾ ਰਿਹਾ ਹੈ। ਆਪ ਉਸ ਪਾਸੇ ਤੁਰ ਪਏ। ਕੀ ਦੇਖਿਆ ? ਦੋ ਮਹਾਤਮਾ ਬੈਠੇ ਹੋਏ ਹਨ, ਜਿਨ੍ਹਾਂ ਦੇ ਚਿਹਰਿਆਂ ਉਤੇ ਕੋਈ ਇਲਾਹੀ ਨੂਰ ਬਰਸ ਰਿਹਾ ਹੈ, ਜੋ ਰੱਬ ਨਾਲ ਇਕ ਮਿਕ ਹੋਏ ਬੈਠੇ ਹਨ। ਇਉਂ ਮਾਲੂਮ ਹੁੰਦਾ ਹੈ ਕਿ ਇਹ ਮਹਾਤਮਾ ਇਸ ਧਰਤੀ ਦੇ ਨਹੀਂ, ਕਿਸੇ ਹੋਰ ਧਰਤੀ ਦੇ ਹਨ। ਇਹ ਤਾਂ ਸਿਰਫ਼ ਸਾਡੇ ਤਪਦੇ ਹਿਰਦਿਆਂ ਨੂੰ ਤਾਰਨ ਲਈ ਇਥੇ ਪੁਜੇ ਹਨ।

ਇਕ ਮਹਾਤਮਾ ਸਨ ਜਗਤ ਦੇ ਵਾਲੀ ਗੁਰੂ ਨਾਨਕ ਸਾਹਿਬ ਅਤੇ ਦੂਜੇ ਸਨ ਭਾਈ ਮਰਦਾਨਾ ਜੀ। ਭਾਈ ਮਰਦਾਨਾ ਜੀ ਨੇ ਸਾਜ਼ ਛੇੜਿਆ ਹੋਇਆ ਸੀ ਅਤੇ ਕੀਰਤਨ ਦੀਆਂ ਧੁਨਾਂ ਉਠ ਰਹੀਆਂ ਸਨ :—

ਹਰਿ ਬਿਨੁ ਕਿਉ ਰਹੀਐ, ਦੂਖੁ ਬਿਆਪੈ ॥
ਜਿਹਵਾ ਸਾਦੁ ਨ ਫੀਕੀ ਰਸ ਬਿਨੁ, ਬਿਨੁ
ਪ੍ਰਭ ਕਾਲੁ ਸੰਤਾਪੈ ॥੧॥ਰਹਾਉ॥ ਜਬ ਲਗੁ
ਦਰਸੁ ਨ ਪਰਸੈ ਪ੍ਰੀਤਮ, ਤਬ ਲਗੁ ਭੂਖ



www.AKJ.Org

ਪਿਆਸੀ॥ ਦਰਸਨੁ ਦੇਖਤ ਹੀ ਮਨੁ ਮਾਨਿਆ, ਜਲ ਰਸਿ ਕਮਲ ਬਿਗਾਸੀ ॥੧॥ ਊਨਵਿ ਘਨਹਰੁ ਗਰਜੈ ਬਰਸੈ, ਕੋਕਿਲ ਮੋਰ ਬੈਰਾਗੈ ॥ ਤਰਵਰ ਬਿਰਖ ਬਿਹੰਗ ਭੁਇਅੰਗਮ ਘਰਿ ਪਿਰੁ ਧਨ ਸੋਹਾਗੈ ॥੨॥ ਕੁਚਿਲ ਕੁਰੂਪਿ ਕੁਨਾਰਿ ਕੁਲਖਨੀ, ਪਿਰੁ ਕਾ ਸਹਜੁ ਨ ਜਾਨਿਆ ॥ ਹਰਿ ਰਸ ਰੰਗਿ ਰਸਨ ਨਹੀ ਤ੍ਰਿਪਤੀ, ਦੁਰਮਤਿ ਦੂਖ ਸਮਾਨਿਆ ॥੩॥ ਆਇ ਨ ਜਾਵੈ ਨਾ ਦੁਖੁ ਪਾਵੈ, ਨਾ ਦੁਖ ਦਰਦੁ ਸਰੀਰੇ ॥ ਨਾਨਕ ਪ੍ਰਭ ਤੇ ਸਹਜ ਸੁਹੇਲੀ, ਪ੍ਰਭ ਦੇਖਤ ਹੀ ਮਨੁ ਧੀਰੇ ॥੪॥੨॥

[ਸਾਰਗ ਮਹਲਾ ੧, ਪੰਨਾ ੧੧੯੭

ਬੀਬੀ ਦੋਦੋ ਰਾਣੀ ਜੀ ਕੋਲ ਆ ਕੇ ਬਹਿ ਗਏ। ਕੀਰਤਨ ਦਾ ਆਨੰਦ ਲੈਂਦੇ ਰਹੇ। ਕੀਰਤਨ ਦੀ ਸਮਾਪਤੀ ਤੋਂ ਬਾਅਦ ਗੁਰੂ ਸਾਹਿਬ ਨੇ ਪਿਆਰ-ਭਰੀ ਤੱਕਣੀ ਨਾਲ ਦੇਖਦੇ ਹੋਏ ਕਿਹਾ—'ਬੇਟੀ, ਕਿਵੇਂ ਆਈ ਏਂ !'

ਗੁਰੂ ਸਾਹਿਬ ਦੇ ਇਹ ਲਫਜ਼ ਅਜਿਹੇ ਖਿਚ-ਭਰੇ ਸਨ ਕਿ ਬੀਬੀ ਦੋਦੋ ਰਾਣੀ ਦਾ ਸਿਰ ਬੇਵਸੇ ਗੁਰੂ ਸਾਹਿਬ ਦੇ ਚਰਨਾਂ ਵਲ ਝੁਕ ਗਿਆ ਅਤੇ ਅਤੇ ਮੂੰਹੋਂ ਕਿਹਾ—"ਤੁਸੀਂ ਕੋਈ ਵੱਡੇ ਮਹਾਂ ਪੁਰਖ ਦਿਸਦੇ ਹੋ। ਦਸੋ ਜੀ, ਮੈਂ ਆਪ ਦੀ ਕੀ ਸੇਵਾ ਕਰਾਂ ?"

ਗੁਰੂ ਸਾਹਿਬ ਸੁਣ ਕੇ ਮੁਸਕਰਾਏ, "ਬੇਟੀ ! ਤੂੰ ਕੋਈ ਭਾਗਾਂ ਵਾਲੀ ਦਿਸਦੀ ਏਂ। ਤੈਨੂੰ ਨਾਮ ਚਿਤ ਆਵੇ।"

ਬੀਬੀ ਦੋਦੋ ਰਾਣੀ—ਦਾਤਾ ਜੀ ! ਜੇ ਕਹੁ ਤਾਂ ਮੈਂ ਤੁਹਾਡੇ ਲਈ ਦੁੱਧ ਲੈ ਆਵਾਂ। ਇਹ ਦੁੱਧ ਸਾਡੀ ਆਪਣੀ ਮੱਝ ਦਾ ਹੈ।

ਗੁਰੂ ਸਾਹਿਬ—ਜਿਵੇਂ ਤੇਰੀ ਇੱਛਾ।

ਬੀਬੀ ਦੋਦੋ ਰਾਣੀ ਜੀ ਫ਼ੌਰਨ ਘਰ ਪੁਜੇ ਅਤੇ ਛੰਨਾ ਦੁੱਧ ਦਾ ਭਰ ਕੇ ਲੈ ਆਏ। ਗੁਰੂ ਸਾਹਿਬ ਨੇ ਕੁਝ ਦੁੱਧ ਭਾਈ ਮਰਦਾਨਾ ਜੀ ਨੂੰ ਦਿੱਤਾ ਅਤੇ ਕੁਝ ਆਪ ਛਕਿਆ।

ਬੀਬੀ ਦੋਦੋ ਰਾਣੀ ਜੀ, ਜੋ ਪਹਿਲਾਂ ਹੀ ਗੁਣਾਂ ਦੀ ਖਾਨ ਸਨ, ਹੁਣ ਗੁਰੂ ਸਾਹਿਬ ਦੀ ਮਿਹਰ-ਦ੍ਰਿਸ਼ਟੀ ਨਾਲ ਨਿਹਾਲੋ ਨਿਹਾਲ ਹੋ ਗਏ। ਗੁਰੂ ਸਾਹਿਬ ਨੇ ਕਿਹਾ—'ਕਹੁ ਬੇਟੀ ! ਵਾਹਿਗੁਰੂ।'

ਇਸ ਸੰਬੰਧ ਵਿਚ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਇਕ ਚਮਤਕਾਰ ਵੱਜਾ, ਕੋਈ ਲਿਸ਼ਕਾਰ ਆਇਆ, ਚੰਦ ਸੂਰਜ ਵਰਗਾ ਨਾ, ਹੋਰਵੇਂ ਦਾ, ਨਾਲ ਕੋਈ ਕੜਾਕਾ ਜਿਹਾ ਕਾਲਜੇ ਨੂੰ ਪੁੜਿਆ, ਸਿਰ ਨੂੰ ਚੱਕਰ ਜਿਹਾ ਆਇਆ, ਘੁੰਮ ਘੁਮਾਈ ਹੋਈ। ਕੋਈ ਬੇਸੁਧੀ ਆਈ, ਪਰ ਬੇਹੋਸ਼ੀ ਵਰਗੀ ਨਾ, ਐਉਂ ਜਿਉਂ ਸੋਚ ਫਿਕਰ ਨਠ ਗਿਆ ਹੈ। ਕੋਈ ਹਨੇਰਾ ਫਿਰਿਆ, ਅੰਧਕਾਰ ਵਾਂਗੂ ਨਾ, ਪਰ ਜਿਕੂੰ ਸੂਰਜ ਤੇ ਤਕਿਆਂ ਕੁਝ ਨਹੀਂ ਦਿਸਦਾ। ਕਾਕੀ ਦੇ ਮੂੰਹੋਂ ਬੇਵਸਾ ਏਸ ਬੇਸੁਧੀ ਵਿਚ, ਏਸ ਝਲਕਾਰੇ ਵਿਚ ਨਿਕਲਿਆ—ਵਾਹਿਗੁਰੂ।

ਮੂੰਹ ਤੋਂ ਜੀਭ ਤੋਂ ਨਿਕਲਿਆ—ਵਾਹਿਗੁਰੂ।
ਲੂੰ ਲੂੰ ਤੋਂ ਨਿਕਲਿਆ—ਵਾਹਿਗੁਰੂ।
ਅੰਦਰ ਹੋਇਆ—ਵਾਹਿਗੁਰੂ।
ਅੰਦਰ ਰਹਿ ਗਿਆ—ਵਾਹਿਗੁਰੂ।
ਅੰਤਰ ਆਤਮੇ ਹੋ ਗਿਆ—ਵਾਹਿਗੁਰੂ।

[ਗੁਰੂ ਨਾਨਕ ਚਮਤਕਾਰ ੨, ਪੰਨਾ ੭

ਬੀਬੀ ਦੋਦੋ ਰਾਣੀ ਜੀ ਵਾਹਿਗੁਰੂ ਦੇ ਨਾਮ ਵਿਚ ਗਵਾਚ ਗਏ। ਅੰਦਰ ਬਾਹਰ ਨਾਮ ਰਮ ਗਿਆ। ਊਠਤ ਬੈਠਤ ਨਾਮ ਵਿਚ ਮਸਤ। ਹੁਣ ਬੀਬੀ ਦਾ ਰੋਜ਼ ਦਾ ਨੇਮ ਹੋ ਗਿਆ, ਦੁੱਧ ਲੈ ਕੇ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋ ਜਾਣਾ ਅਤੇ ਦਾਤੇ ਦੀਆਂ ਰਜ ਰਜ ਖੁਸ਼ੀਆਂ ਪਰਾਪਤ ਕਰਨੀਆਂ।

ਬੀਬੀ ਦੋਦੋ ਰਾਣੀ ਜੀ ਜਦੋਂ ਦੁੱਧ ਲੈ ਕੇ ਘਰੋਂ ਨਿਕਲਦੇ ਤਾਂ ਆਂਢੀ ਗੁਆਂਢੀ ਵੀ ਦੇਖਦੇ। ਉਨ੍ਹਾਂ ਨੇ ਭਾਈ ਦੋਦਾ ਜੀ ਅਗੇ ਸ਼ਿਕਾਇਤ ਕੀਤੀ, ਆਪਣੀ ਇਸਤ੍ਰੀ ਦਾ ਪਤਾ ਕਰ। ਇਹ ਰੋਜ਼ ਕਿਧਰੇ ਦੁੱਧ ਲੈ ਕੇ ਜਾਂਦੀ ਏ ਅਤੇ ਕਾਫ਼ੀ ਦੇਰ ਬਾਅਦ



www.AKJ.Org

ਪਰਤਦੀ ਏ ।

ਚਾਹੇ ਭਾਈ ਦੋਦਾ ਜੀ ਨੂੰ ਆਪਣੀ ਇਸਤ੍ਰੀ ਤੇ ਪੂਰਾ ਯਕੀਨ ਸੀ, ਪਰ ਆਂਢੀਆਂ ਗੁਆਂਢੀਆਂ ਦੇ ਨਿਤ ਕੰਨ ਭਰਨ ਨਾਲ ਭਾਈ ਦੋਦਾ ਜੀ ਦਾ ਮਨ ਕੁਝ ਡੋਲ ਗਿਆ ।

ਇਕ ਦਿਨ ਆਪ ਚੁਪ ਕੀਤੇ ਪਤਨੀ ਦੇ ਪਿਛੇ ਤੁਰ ਪਏ । ਜਦੋਂ ਬੀਬੀ ਦੋਦੋ ਰਾਣੀ ਨੇ ਗੁਰੂ ਸਾਹਿਬ ਵਲ ਰੁਖ਼ ਕੀਤਾ ਤਾਂ ਆਪ ਇਕ ਦਰੱਖ਼ਤ ਦੇ ਉਹਲੇ ਹੋ ਕੇ ਸਭ ਨਜ਼ਾਰਾ ਦੇਖਣ ਲਗੇ ।

ਗੁਰੂ ਸਾਹਿਬ ਨੇ ਹਸਦੇ ਹੋਏ ਬੀਬੀ ਦੋਦੋ ਰਾਣੀ ਨੂੰ ਕਿਹਾ ਬੇਟੀ ! ਅੱਜ ਤੇਰੇ ਪਤੀ ਨੂੰ ਤੇਰੇ ਉਤੇ ਸ਼ੱਕ ਪਿਆ ਹੈ । ਜਾ ! ਉਸ ਦਰੱਖ਼ਤ ਦੇ ਉਹਲੇ ਉਹ ਲੁਕਿਆ ਬੈਠਾ ਹੈ । ਉਸ ਨੂੰ ਬੁਲਾ ਲਿਆ ।

ਬੀਬੀ ਦੋਦੋ ਰਾਣੀ ਜੀ 'ਸਤਿ ਬਚਨ' ਕਹਿ ਕੇ ਉਠੇ ਅਤੇ ਆਪਣੇ ਪਤੀ ਨੂੰ ਜਾ ਕਿਹਾ—'ਅੱਛਾ ਜੀ ! ਤੁਸਾਂ ਅੱਜ ਮੇਰਾ ਪਿਛਾ ਕੀਤਾ ਸੀ । ਕੀ ਤੁਹਾਨੂੰ ਮੇਰੇ ਤੇ ਇਤਬਾਰ ਨਹੀਂ ਸੀ ਰਿਹਾ ? ਉਹ ਤਾਂ ਅੰਤਰਜਾਮੀ ਹਨ । ਚਲੋ ! ਤੁਹਾਨੂੰ ਬੁਲਾਇਆ ਨੇ ।

ਭਾਈ ਦੋਦਾ ਜੀ ਬੜੇ ਸ਼ਰਮਿੰਦਾ ਹੋਏ ਅਤੇ ਚੁਪ ਚਾਪ ਆਪਣੀ ਪਤਨੀ ਦੇ ਪਿਛੇ ਚਲ ਪਏ ਅਤੇ ਨਾਲੇ ਸੋਚਣ ਲਗੇ ਕਿ ਜੇ ਉਹ ਵੱਡੀਆਂ ਸ਼ਕਤੀਆਂ ਦੇ ਮਾਲਿਕ ਹਨ ਤਾਂ ਕੀ ਪਤਾ, ਮੇਰੇ ਦਿਲ ਦੀ ਮੁਰਾਦ ਪੂਰੀ ਕਰ ਦੇਣ । ਮੈਂ ਚਾਹੁੰਦਾ ਹਾਂ ਕਿ ਮੇਰੇ ਘਰ ਇਕ ਪੁੱਤਰ ਹੋਏ ਅਤੇ ਜਿਥੇ ਮੇਰੀ ਇਕੋ ਮੱਝ ਹੈ, ਉਥੇ ਬਹੁਤ ਸਾਰੀਆਂ ਮੱਝਾਂ ਹੋ ਜਾਣ । ਜੇ ਉਨ੍ਹਾਂ ਕੁਝ ਮੰਗਣ ਲਈ ਕਿਹਾ ਤਾਂ ਮੈਂ ਇਹੋ ਦਾਤ ਮੰਗਾਂਗਾ ।

ਇਸ ਤਰ੍ਹਾਂ ਦੀਆਂ ਗਿਣਤੀਆਂ ਗਿਣਦੇ ਹੋਏ ਭਾਈ ਦੋਦਾ ਜੀ ਗੁਰੂ ਸਾਹਿਬ ਦੇ ਚਰਨਾਂ ਵਿਚ ਪੁਜੇ । ਜਦੋਂ ਮੱਥਾ ਟੇਕਿਆ ਤਾਂ ਗੁਰੂ ਸਾਹਿਬ ਨੇ ਕਿਹਾ— ਭਾਈ ਦੋਦਾ ਜੀ, ਦਸੋ ! ਕੀ ਚਾਹੀਦਾ ਹੈ ? ਨਿਰੰਕਾਰ ਕੋਲੋਂ ਲੈ ਦਿਆਂਗੇ ।

ਭਾਈ ਦੋਦਾ ਜੀ (ਚੁਪ) ।

ਗੁਰੂ ਸਾਹਿਬ ਦੀ ਅਵਾਜ਼ ਫਿਰ ਆਈ—ਸੰਗੋ ਨਹੀਂ, ਦੋਦਾ ਜੀ । ਜੋ ਦਿਲ ਵਿਚ ਫੁਰਿਆ ਹੈ, ਕਹਿ ਦਿਉ ।

ਬੀਬੀ ਦੋਦੋ ਰਾਣੀ ਜੀ ਚਾਹੁੰਦੇ ਸਨ ਕਿ ਉਸ ਦਾ ਪਤੀ ਗੁਰੂ ਸਾਹਿਬ ਪਾਸੋਂ ਵਾਹਿਗੁਰੂ ਦਾ ਨਾਮ ਮੰਗੇ । ਇਸ ਲਈ ਉਨ੍ਹਾਂ ਨੇ ਹੌਲੀ ਜਿਹੀ ਕਿਹਾ—'ਸਵਾਮੀ ਜੀ ! ਗੁਰੂ ਸਾਹਿਬ ਪਾਸੋਂ ਵਾਹਿਗੁਰੂ ਦਾ ਨਾਮ ਮੰਗੋ ।' ਪਰ ਭਾਈ ਦੋਦਾ ਜੀ ਨੇ ਕੁਝ ਉੱਚੀ ਜਿਹੀ ਕਿਹਾ— 'ਨਹੀਂ', ਮੈਨੂੰ ਤਾਂ ਦੁੱਧ ਪੁੱਤ ਚਾਹੀਦਾ ਏ ।'

ਇਹ ਸੁਣ ਕੇ ਗੁਰੂ ਸਾਹਿਬ ਹੱਸ ਪਏ, ਚੰਗਾ ਭਾਈ ਦੋਦਾ ਜੀ, ਜਿਥੇ ਤੁਹਾਨੂੰ ਦੁੱਧ ਪੁੱਤ ਮਿਲੇਗਾ, ਉਥੇ ਇਸ ਬੀਬੀ ਦਾ ਸਦਕਾ ਨਾਮ ਵੀ ਫੁਰੇਗਾ ।

ਭਾਈ ਬਾਲੇ ਵਾਲੀ ਜਨਮ ਸਾਖੀ ਅਤੇ ਭਾਈ ਮਨੀ ਸਿੰਘ ਦੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ ਭਾਈ ਦੋਦੇ ਨੂੰ ਦੁੱਧ ਦੀ ਨਦੀ ਵਗਦੀ ਵਿਖਾਈ ਸੀ ।

ਭਾਈ ਦੋਦਾ ਜੀ ਗੁਰੂ ਸਾਹਿਬ ਪਾਸੋਂ ਦੁੱਧ ਪੁੱਤ ਦਾ ਵਰ ਅਤੇ ਨਾਮ ਦੀ ਅਸੀਸ ਲੈ ਕੇ ਆਪਣੀ ਇਸਤ੍ਰੀ ਸਮੇਤ ਘਰ ਵਾਪਸ ਆਏ । ਹੁਣ ਇਹ ਦੋਵੇਂ ਜੀਅ ਰੋਜ਼ਾਨਾ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਣ ਲਗੇ ਅਤੇ ਨਾਮ ਬਾਣੀ ਦਾ ਲਾਹਾ ਲੈਣ ਲਗੇ । ਹੌਲੀ ਹੌਲੀ ਗੁਰੂ ਸਾਹਿਬ ਦੇ ਵਾਕ ਵੀ ਸੱਚ ਹੋਏ । ਭਾਈ ਦੋਦਾ ਜੀ ਦਾ ਇਕ ਚਾਚਾ ਸੀ । ਉਹ ਸਾਧ ਬਣ ਕੇ ਹਰਦਵਾਰ ਨੂੰ ਚਲਾ ਗਿਆ ਅਤੇ ਜਾਂਦਾ ਹੋਇਆ ਆਪਣੀਆਂ ਬਹੁਤ ਸਾਰੀਆਂ ਮੱਝਾਂ, ਗਾਈਆਂ, ਸੌ ਘੁਮਾਂ ਜ਼ਮੀਨ ਅਤੇ ਹੋਰ ਘਰੇਲੂ ਸਾਮਾਨ ਵੀ ਭਾਈ ਦੋਦਾ ਜੀ ਨੂੰ ਦੇ ਗਿਆ । ਇਸ ਤਰ੍ਹਾਂ ਭਾਈ ਦੋਦਾ ਜੀ ਨੂੰ ਦੁੱਧ ਦੀ ਕੋਈ ਕਮੀ ਨਾ ਰਹੀ । ਅਜੇ ਸਿਰਫ਼ ਇਕ ਸਾਲ ਹੀ ਬੀਤਿਆ ਸੀ ਕਿ ਬੀਬੀ ਦੋਦੋ ਰਾਣੀ ਦੀ ਕੁੱਖੋਂ ਇਕ ਬੱਚੇ ਨੇ ਜਨਮ ਲਿਆ । ਭਾਈ ਦੋਦਾ ਜੀ ਵਾਹਿਗੁਰੂ ਦਾ ਨਾਂ ਵੀ ਬਹੁਤ ਧਿਆਇਆ ਕਰਦੇ ਸਨ ।

ਭਾਈ ਦੋਦਾ ਜੀ ਅਤੇ ਬੀਬੀ ਦੋਦੋ ਰਾਣੀ ਜੀ, ਜਿਨ੍ਹਾਂ ਨੇ ਗੁਰਸਿੱਖੀ ਦਾ ਰਸਤਾ ਅਪਣਾਇਆ ਸੀ,


www.AKJ.Org

ਇਨ੍ਹਾਂ ਦੋਹਾਂ ਜੀਆਂ ਨੇ ਥਾਂ ਥਾਂ ਗੁਰੂ ਸਾਹਿਬ ਦਾ ਜੱਸ ਗਾਇਆ ਤੇ ਲੋਕਾਂ ਨੂੰ ਇਸ ਪਾਸੇ ਪ੍ਰੇਰਨ ਲਗੇ। ਇਨ੍ਹਾਂ ਦੇ ਤੁਫ਼ੈਲ ਹੋਰ ਅਨੇਕਾਂ ਲੋਕੀਂ ਗੁਰੂ ਸਾਹਿਬ ਦੇ ਸ਼ਰਧਾਲੂ ਬਣੇ ਅਤੇ ਸਤਿ ਮਾਰਗ ਤੇ ਤੁਰੇ। ਗੁਰੂ ਸਾਹਿਬ ਦਾ ਜੰਗਲ ਵਿਚ ਜਿਥੇ ਡੇਰਾ ਸੀ, ਉਥੇ ਹੁਣ ਭਾਈ ਦੋਦਾ ਜੀ ਨੇ ਆਪਣੇ ਪਾਸੋਂ ਖ਼ਰਚ ਕਰ ਕੇ ਪੱਕਾ ਕੋਠਾ ਪਵਾ ਦਿਤਾ ਸੀ, ਤਾਂਕਿ ਸੰਗਤਾਂ ਧੁੱਪ ਅਤੇ ਮੀਂਹ ਕਣੀ ਤੋਂ ਆਪਣਾ ਬਚਾਉ ਕਰ ਸਕਣ।

ਉਸ ਸਾਰੇ ਇਲਾਕੇ ਦਾ ਜੋ ਹਾਕਮ ਸੀ, ਉਸ ਦਾ ਨਾਂ ਸੀ ਕਰੋੜੀ ਮੱਲ। ਉਹ ਲਖਪਤੀ ਸੀ। ਉਹ ਗੁਰੂ ਸਾਹਿਬ ਨਾਲ ਖਾਰ ਖਾਣ ਲਗ ਪਿਆ। ਉਹ ਚਾਹੁੰਦਾ ਸੀ ਕਿ ਗੁਰੂ ਸਾਹਿਬ ਦਾ ਡੇਰਾ ਇਥੋਂ ਉਠ ਜਾਏ। ਇਸ ਦਾ ਕਾਰਨ ਇਹ ਸੀ ਕਿ ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨ ਗੁਰੂ ਸਾਹਿਬ ਦੇ ਸਿੱਖ ਬਣਦੇ ਜਾ ਰਹੇ ਸਨ। ਉਹ ਇਹ ਬਰਦਾਸ਼ਤ ਨਹੀਂ ਸੀ ਕਰ ਸਕਦਾ। ਉਸ ਨੂੰ ਹੋਰ ਵੀ ਬ੍ਰਾਹਮਣਾਂ ਅਤੇ ਮੁਲਾਣਿਆਂ ਨੇ ਚੁਕਿਆ ਹੋਇਆ ਸੀ। ਉਹ ਆਪਣੀ ਘੋੜੀ ਉਤੇ ਸਵਾਰ ਹੋ ਕੇ ਚੱਲ ਪਿਆ ਕਿ ਗੁਰੂ ਸਾਹਿਬ ਨੂੰ ਕੈਦ ਕਰ ਲੈਣਾ ਹੈ ਅਤੇ ਸੰਗਤਾਂ ਨੂੰ ਖਿੰਡਾ ਦੇਣਾ ਹੈ। ਕੁਦਰਤ ਰੱਬ ਦੀ ਦੇਖੋ ! ਅਜੇ ਥੋੜ੍ਹੀ ਦੂਰ ਗਿਆ ਸੀ ਕਿ ਘੋੜੀ ਤੋਂ ਡਿਗ ਪਿਆ ਅਤੇ ਕਾਫ਼ੀ ਸੱਟਾਂ ਲੱਗੀਆਂ, ਪਰ ਗੁੱਸੇ ਦਾ ਭਰਿਆ ਪੀਤਾ ਫਿਰ ਉਠਿਆ ਅਤੇ ਘੋੜੀ ਤੇ ਚੱਲ ਪਿਆ। ਹੁਣ ਇਕ ਹੋਰ ਨਜ਼ਾਰਾ ਸਾਹਮਣੇ ਆਇਆ। ਉਸ ਨੂੰ ਦਿਸਣੋਂ ਹਟ ਗਿਆ। ਅੱਖਾਂ ਦੀ ਰੋਸ਼ਨੀ ਜਾਂਦੀ ਰਹੀ। ਉਹ ਭੰਬਲ-ਭੂਸੇ ਵਿਚ ਪੈ ਗਿਆ ਕਿ ਹੁਣ ਕੀ ਕੀਤਾ ਜਾਏ ? ਇੰਨੇ ਨੂੰ ਭਾਈ ਦੋਦਾ ਜੀ ਉਥੇ ਆ ਗਏ। ਉਨ੍ਹਾਂ ਨੂੰ ਪਤਾ ਲਗ ਚੁਕਾ ਸੀ ਕਿ ਕਰੋੜੀ ਮੱਲ ਗੁਰੂ ਸਾਹਿਬ ਨੂੰ ਨੁਕਸਾਨ ਪਹੁੰਚਾਣ ਜਾ ਰਿਹਾ ਹੈ। ਉਨ੍ਹਾਂ ਨੇ ਉਸ ਨੂੰ ਸਮਝਾਉਣਾ ਸ਼ੁਰੂ ਕੀਤਾ— "ਭਲਿਆ ਲੋਕਾ, ਗੁਰੂ ਨਾਨਕ ਸਾਹਿਬ ਜੀ ਮਹਾਨ ਸ਼ਕਤੀਆਂ ਦੇ ਮਾਲਕ ਹਨ। ਉਹ ਅਕਾਲ ਪੁਰਖ ਦੀ ਆਪਣੀ ਜੋਤ ਹਨ। ਤੂੰ ਉਨ੍ਹਾਂ ਅਗੇ ਅੜ ਨਹੀਂ ਸਕੇਂਗਾ। ਆਪਣੀ ਹਾਲਤ ਦੇਖ ਲੈ। ਪਹਿਲੋਂ ਘੋੜੀ ਤੋਂ ਡਿੱਗ ਕੇ ਸੱਟਾਂ ਖਾਧੀਆਂ, ਤੇ ਹੁਣ ਕੁਛ ਦਿਖਾਈ ਹੀ ਨਹੀਂ ਦਿੰਦਾ। ਜੇ ਅਜੇ ਵੀ ਨਾ ਸਮਝੇਂ ਤਾਂ ਤੇਰੇ ਵਰਗਾ ਬਦਕਿਸਮਤ ਕੌਣ ਹੋ ਸਕਦਾ ਹੈ ? ਉਹ ਤਾਂ ਅਸਾਂ ਕਲਜੁਗੀ ਜੀਵਾਂ ਦਾ ਪਾਰ ਉਤਾਰਾ ਕਰਨ ਲਈ ਇਸ ਧਰਤੀ ਤੇ ਅਵਤਰੇ ਹਨ। ਉਨ੍ਹਾਂ ਦੀ ਸ਼ਰਨ ਲੀਤਿਆਂ ਹੀ ਸੁਖ ਹੈ। ਤੂੰ ਵੀ ਉਨ੍ਹਾਂ ਦਾ ਸਿੱਖ ਬਣ। ਉਹ ਮਿਹਰਾਂ ਦੇ ਦਾਤੇ ਹਨ। ਤੇਰੇ ਸਾਰੇ ਗੁਨਾਹ ਬਖ਼ਸ਼ ਦੇਣਗੇ।"

ਭਾਈ ਕਰੋੜੀ ਮਲ—ਤੁਸੀਂ ਠੀਕ ਕਹਿੰਦੇ ਹੋ। ਸਚਮੁਚ ਮੈਂ ਗੁਰੂ ਸਾਹਿਬ ਨਾਲ ਵੈਰ ਕਰ ਕੇ ਵੱਡੀ ਗ਼ਲਤੀ ਕੀਤੀ ਹੈ। ਮੈਂ ਉਨ੍ਹਾਂ ਕੋਲੋਂ ਮਾਫ਼ੀ ਮੰਗਾਂਗਾ। ਮੈਨੂੰ ਦਿਸਦਾ ਹੀ ਕੁਝ ਨਹੀਂ, ਮੈਂ ਉਨ੍ਹਾਂ ਪਾਸ ਪੁਜਾ ਕਿਸ ਤਰ੍ਹਾਂ ?

ਹੁਣ ਬੀਬੀ ਦੋਦੋ ਰਾਣੀ ਜੀ ਬੋਲ ਪਏ—ਵੀਰ ਜੀ ! ਇਹ ਤਾਂ ਸੌਖੀ ਗੱਲ ਹੈ। ਗੁਰੂ ਸਾਹਿਬ ਤਾਂ ਬਖ਼ਸ਼ਿੰਦ ਰੂਪ ਹਨ। ਨੇਕ-ਨੀਅਤੀ ਨਾਲ ਉਨ੍ਹਾਂ ਵਲ ਕਦਮ ਵਧਾਉ ਅਤੇ ਦਰਸ਼ਨਾਂ ਦੀ ਲਾਲਸਾ ਕਰੋ। ਫਿਰ ਦੇਖੋ ! ਤੁਹਾਨੂੰ ਦਿਸਦਾ ਹੈ ਜਾਂ ਨਹੀਂ !

ਭਾਈ ਕਰੋੜੀ ਮਲ ਨੇ ਇਸੇ ਤਰ੍ਹਾਂ ਕੀਤਾ। ਬੀਬੀ ਦੋਦੋ ਰਾਣੀ ਦਾ ਕਹਿਣਾ ਬਿਲਕੁਲ ਠੀਕ ਨਿਕਲਿਆ ਅਤੇ ਮੁੜ ਦਿਸਣ ਲੱਗ ਪਿਆ, ਗੁਰੂ ਸਾਹਿਬ ਦੇ ਚਰਨਾਂ ਵਿਚ ਪਹੁੰਚ ਕੇ ਆਪਣੀਆਂ ਭੁੱਲਾਂ ਬਖ਼ਸ਼ਾਈਆਂ ਅਤੇ ਸਿੱਖ ਬਣਿਆ।

ਧੰਨ ਬੀਬੀ ਦੋਦੋ ਰਾਣੀ ਜੀ ! ਤੇਰੇ ਵਰਗੀਆਂ ਗੁਰਮੁਖ ਸਪੁਤ੍ਰੀਆਂ ਹੀ ਆਪ ਗੁਰਮਤਿ ਦੇ ਰਸਤੇ ਚਲਦੀਆਂ ਹਨ ਅਤੇ ਹੋਰਨਾਂ ਨੂੰ ਗੁਰੂ ਦੇ ਲੜ ਲਾ ਕੇ ਜਨਮ ਸਫਲਾਉਂਦੀਆਂ ਹਨ।

—-o—



www.AKJ.Org

# ਦਿਮਾਗ਼ੀ ਪੱਧਰ ਤੇ ਗੁਰਮਤਿ

[ਵਲੋਂ—ਗਿਆਨੀ ਜਸਮੇਰ ਸਿੰਘ ਜੀ ਪਾਲ]

ਸਹਸ ਸਿਆਣਪਾ ਲਖ ਹੋਇ
ਤ ਇਕ ਨ ਚਲੈ ਨਾਲਿ ॥

ਅਜੋਕੇ ਸਮੇਂ ਇਕ ਵਾਅ ਵਗੀ ਹੋਈ ਹੈ। ਉਹ ਇਹ ਕਿ ਹਰ ਛੋਟੀ ਵੱਡੀ ਚੀਜ਼ ਨੂੰ ਬੌਧਿਕ ਪੱਧਰ ਤੋਂ ਪਰਖਿਆ ਜਾਂਦਾ ਹੈ। ਕੋਈ ਮਸਲਾ ਜਾਂ ਸਮੱ-ਸਿਆ ਹੋਵੇ ਉਸ ਉਤੇ ਬਹਿਸ ਸ਼ੁਰੂ ਹੋ ਜਾਂਦੀ ਹੈ। ਪਿਛਲੇ ਸਮੇਂ ਵਿਚ ਲੋਕੀ ਬਹੁਤਾ ਵਾਦ-ਵਿਵਾਦ ਵਿਚ ਨਹੀਂ ਸਨ ਪੈਂਦੇ, ਸਗੋਂ ਵਾਦ-ਵਿਵਾਦ ਨੂੰ ਭੈੜਿਆ ਜਾਂਦਾ ਸੀ।

ਦੂਜੀ ਵੱਡੀ ਜੰਗ ਸਮੇਂ ਹਿਟਲਰ ਨੇ ਆਪਣੇ ਹੱਕ ਵਿਚ ਸਫ਼ਾਈ ਪੇਸ਼ ਕਰਦਿਆਂ ਕਿਹਾ ਸੀ ਕਿ ਉਸ ਦੇ ਹੱਥ ਤਲਵਾਰ ਦੂਜੀ ਧਿਰ ਨੇ ਫੜਾਈ ਹੈ। ਉਸ ਨੂੰ ਦੂਜੇ ਦੇਸ਼ਾਂ ਨੇ ਜੰਗ ਲਈ ਮਜਬੂਰ ਕੀਤਾ ਹੈ। ਭਾਵ ਇਹ ਕਿ ਇਕ ਦੋਸ਼ੀ ਵੀ ਆਪਣੇ ਪੱਖ ਨੂੰ ਠੀਕ ਸਾਬਤ ਕਰਨ ਲਈ ਦਲੀਲ, ਤਰਕ, ਨਿਆਇ, ਵਿਵੇਕ ਦੀ ਸਹਾਇਤਾ ਲੈਂਦਾ ਹੈ। ਅਦਾਲਤਾਂ ਵਿਚ ਬਹੁਤੇ ਦੋਸ਼ੀ ਦਲੀਲ-ਬਾਜ਼ੀ ਦੇ ਆਸਰੇ ਨਾਲ ਬਚ ਰਹਿੰਦੇ ਹਨ। ਕਈ ਵਾਰੀ ਅਜਿਹਾ ਵੀ ਹੁੰਦਾ ਵੇਖਿਆ ਗਿਆ ਹੈ ਕਿ ਬੇਗੁਨਾਹ ਬੰਦਾ ਅਪਰਾਧ ਦੀ ਲਪੇਟ ਵਿਚ ਆ ਕੇ ਬੇਦੋਸ਼ਾ ਮਾਰਿਆ ਜਾਂਦਾ ਹੈ ਅਤੇ ਹੱਕੀ ਦੋਸ਼ੀ ਆਪਣੇ ਦੋਸ਼ ਦੀ ਜ਼ਿਮੇਵਾਰੀ ਸਮਾਜ ਉਤੇ ਸੁੱਟ ਕੇ ਬਰੀ ਹੋ ਜਾਂਦਾ ਹੈ।

ਇਹੋ ਜਿਹੀ ਫੋਕੀ ਦਲੀਲ-ਬਾਜ਼ੀ, ਜੋ ਨਿਰੋਲ ਮਨੋਕਲਪਤ ਹੋਵੇ, ਜੋ ਅਨੁਭਵ ਤੋਂ ਸੱਖਣੀ ਹੋਵੇ, ਕੀ ਚੰਗੇ ਸਿੱਟੇ ਕੱਢ ਸਕਦੀ ਹੈ? ਘੱਟ ਪੜ੍ਹੇ ਅਧਿਆਪਕ ਦੇ ਵਿਦਿਆਰਥੀ ਹੋਰ ਘਟ ਪੜ੍ਹੇ ਹੋਣਗੇ। ਇਹ ਗੱਲ ਇਥੇ ਹੀ ਨਹੀਂ ਮੁਕਦੀ, ਸਿੱਖ ਧਰਮ, ਜਿਸ ਨੂੰ ਗੁਰਮਤਿ ਧਰਮ ਆਖਿਆ ਜਾਂਦਾ ਹੈ, ਦਲੀਲ-ਬਾਜ਼ੀ ਦੀ ਲਪੇਟ ਵਿਚ ਆ ਚੁਕਾ ਹੈ।

ਕੋਈ ਮਹਾਨ ਵਿਅਕਤੀ ਕਹਿੰਦਾ ਹੈ—"ਅੰਮ੍ਰਿਤ ਵੇਲੇ ਜਾਗਣਾ ਚਾਹੀਦਾ ਹੈ। ਇਸ਼ਨਾਨ ਸੋਧ ਕੇ ਨਿਤਨੇਮ ਕਰਨਾ ਜ਼ਰੂਰੀ ਹੈ? ਰੰਗ-ਤਮਾਸ਼ਿਆਂ, ਪਿਕਚਰਾਂ, ਭੈੜੀ ਸੰਗਤ ਅਤੇ ਨਾਚ ਮਲਜਲਸਾਂ ਤੋਂ ਦੂਰ ਰਹਿਣਾ ਆਤਮਕ ਉਨਤੀ ਵਿਚ ਸਹਾਈ ਹੁੰਦਾ ਹੈ। ਸ਼ਰਾਬ ਤੇ ਹੋਰ ਨਸ਼ਿਆਂ ਦੀ ਵਰਤੋਂ ਭੈੜੀ ਹੈ ਅਤੇ ਕੁਸੰਗਤ ਤੇ ਮਾੜੇ ਕਰਮਾਂ ਤੋਂ ਬਚਣਾ ਚਾਹੀਦਾ ਹੈ, ਆਦਿ।.. ..."

ਉਪਰੋਕਤ ਪਰਚਾਰ ਦੇ ਵਿਰੁਧ ਦਿਮਾਗੀ ਪੱਧਰ ਦੇ ਬੰਦੇ ਜੋ ਆਪ ਨੂੰ ਪੜ੍ਹੇ ਲਿਖੇ, ਸਭਯ ਤੇ ਸਿਆਣੇ ਮੰਨਦੇ ਹਨ ਫੋਕੀਆਂ ਦਲੀਲਾਂ ਦਿੰਦੇ ਫਿਰਦੇ ਹਨ—

"ਅੰਮ੍ਰਿਤ ਵੇਲੇ ਜਾਗਣ ਨਾਲ ਰੱਬ ਨਹੀਂ ਮਿਲਦਾ। ਮਨੁੱਖ ਨੂੰ ਕਿਸੇ ਧਰਮ ਦੀ ਲੋੜ ਨਹੀਂ। ਧਰਮ ਦੇ ਨਾਂ ਉਤੇ ਬੜੇ ਜ਼ੁਲਮ ਹੁੰਦੇ ਰਹੇ। ਧਰਮ ਬੰਦਿਆਂ ਨੂੰ ਬੰਦਿਆਂ ਨਾਲੋਂ ਪਾੜਦਾ ਹੈ। ਹਰ ਆਦਮੀ ਨੂੰ ਚੰਗੇ ਮਾੜੇ ਦੀ ਸਮਝ ਹੈ। ਬੰਦੇ ਨੂੰ ਆਪਣੀ ਸਮਝ ਤੋਂ ਕੰਮ ਲੈਣਾ ਚਾਹੀਦਾ ਹੈ। ਮਨੁੱਖ ਆਪਣਾ ਹਾਣ ਲਾਭ ਆਪ ਜਾਣਦਾ ਹੈ। ਕਰੋ ਮਨ ਦੀ, ਸੁਣੋ ਸਭ ਦੀ। ਗੁਰੂ ਨਾਨਕ ਨੇ ਕਿਧਰੇ ਨਹੀਂ ਕਿਹਾ ਕਿ ਪਿਕਚਰਾਂ ਨਾ ਵੇਖੋ—'ਨਚਣੁ ਕੁਦਣੁ ਮਨ ਕਾ ਚਾਉ।' ਹਸਦਿਆਂ ਖੇਡਦਿਆਂ ਮੁਕਤੀ ਹੁੰਦੀ ਏ। ਮਨ ਸਾਫ਼ ਹੋਣਾ ਚਾਹੀਦਾ ਹੈ, ਜੋ ਮਰਜ਼ੀ ਕਰੋ। ਥੋੜ੍ਹੀ ਸ਼ਰਾਬ ਬੰਦੇ ਨੂੰ ਕੁਝ ਨਹੀਂ ਕਹਿੰਦੀ, ਸ਼ਰਾਬ ਨੂੰ ਦਵਾਈ ਦੇ ਤੌਰ ਤੇ ਵਰਤੋ। ਸਾਰੇ ਰੰਗ ਪਰਮਾਤਮਾ ਦੇ ਪੈਦਾ ਕੀਤੇ ਹਨ, ਜੋ ਮਨ ਨੂੰ ਚੰਗਾ ਲਗਦਾ ਹੈ ਉਹ ਪਹਿਨੋ, ਉਹ ਖਾਓ। ਬੰਦੇ ਨੂੰ ਸਮੇਂ ਨਾਲ ਬਦਲ ਜਾਣ ਵਿਚ ਕੋਈ ਹਰਜ ਨਹੀਂ। ਨਸ਼ਾ ਪੀ ਕੇ ਭੈੜੇ ਕੰਮ ਨਾ ਕਰੋ......ਕੇਸ਼ ਰੱਖਣ ਨਾਲ ਰੱਬ ਥੋੜੋ ਮਿਲਦਾ ਹੈ...... ਮਨ ਨੂੰ ਮੁੰਡਾਓ ... ਅਸੀਂ ਲੋਕ ਪਿਛੇ ਨੂੰ ਜਾਂਦੇ ਹਾਂ... ਸਿੱਖ ਨੂੰ ਜ਼ਮਾਨੇ ਦਾ ਵੀ ਪਤਾ ਹੋਣਾ ਚਾਹੀਦਾ ਹੈ.....ਸਖ਼ਤ ਨਿਯਮਾਂ ਨਾਲ ਧਰਮ ਫੈਲ ਨਹੀਂ ਸਕਦਾ। ਧਰਮ ਵਿਚ ਸਮੇਂ ਮੁਤਾਬਕ ਛੋਟਾਂ ਕਰ ਦੇਣ ਨਾਲ ਹੀ ਧਰਮ ਦੂਰ ਦੁਰਾਡੇ ਤਕ ਫੈਲ ਸਕਦਾ ਹੈ।



www.AKJ.Org

ਥੋੜੇ ਜਿਹੇ ਦਾਇਰੇ ਵਿਚ ਖੂਹ ਦੇ ਡੱਡੂ ਵਾਂਗ ਸਿਮਟ ਕੇ ਨਹੀਂ ਰਹਿਣਾ ਚਾਹੀਦਾ . ...ਆਦਿ ਆਦਿ।"

ਉਪਰੋਕਤ ਵਿਚਾਰ ਬੇਹੀ ਕੜੀ ਦੇ ਉਬਾਲ ਵਾਂਗ ਹਨ। ਇਨ੍ਹਾਂ ਦਲੀਲਾਂ ਦਾ ਅਧਾਰ ਕੋਈ ਨਹੀਂ।

ਹੁਣ ਹੇਠਾਂ ਕੁਝ ਉਦਾਹਰਣਾਂ ਗੁਰ-ਇਤਿਹਾਸ ਵਿਚੋਂ ਦਿਤੀਆਂ ਜਾਂਦੀਆਂ ਹਨ, ਜਿਨ੍ਹਾਂ ਤੋਂ ਇਹ ਨਿਰਣਾ ਹੁੰਦਾ ਹੈ ਕਿ ਗੁਰੂ-ਹੁਕਮ ਸ੍ਰੇਸ਼ਟ ਤੇ ਉਤਮ ਹਨ. ਦਲੀਲ-ਬਾਜ਼ੀ ਤੇ ਆਪਣੀ ਸਮਝ ਥੋਥੀ ਤੇ ਬੋਦੀ ਹੈ। ਅਨੁਭਵ ਤੇ ਅੰਤਮ ਸੱਚ ਵਿਚੋਂ ਉਪਜੀ ਬੁੱਧੀ ਕਿਵੇਂ ਤੀਖਣ, ਅਸਰ-ਪਾਊ ਅਤੇ ਚਿਰ-ਸਥਾਈ ਹੁੰਦੀ ਹੈ, ਪਰ ਰੱਬ (ਸੱਚ) ਤੋਂ ਕੋਰੀ ਬੁੱਧੀ ਤੋਂ ਉਪਜੇ ਸਿੱਟੇ ਖ਼ਾਲੀ ਤੇ ਕੋਰੇ ਹੁੰਦੇ ਹਨ।

(ੳ) ਵੈਸਾਖੀ ਸਮੇਂ ਹਰਦੁਆਰ ਵਿਖੇ ਹਜ਼ਾਰਹਾਂ ਯਾਤਰੂਆਂ ਦਾ ਇਕੱਠ ਸੀ। ਉਹ ਇਸ਼ਨਾਨ ਕਰ ਕੇ ਸੂਰਜ ਵਲ ਮੂੰਹ ਕਰਕੇ ਮੋਏ ਪਿੱਤਰਾਂ ਨੂੰ ਪਾਣੀ ਉਛਾਲ ਰਹੇ ਸਨ। ਉਸ ਭਾਰੀ ਇਕੱਠ ਵਿਚ ਸਤਿਗੁਰੂ ਨਾਨਕ ਦੇਵ ਜੀ ਨੇ ਅਪੜ ਕੇ, ਉਨ੍ਹਾਂ ਨੂੰ ਸਿੱਧੇ ਰਾਹੇ ਪਾਉਣ ਲਈ ਪਛਮ ਪਾਸੇ ਆਪਣੇ ਖੇਤਾਂ ਵਲ ਮੂੰਹ ਕਰ ਕੇ ਪਾਣੀ ਦੇਣਾ ਅਰੰਭ ਦਿਤਾ। ਇਸ ਅਲੌਕਿਕ ਢੰਗ ਨਾਲ ਲੁਕਾਈ ਨੂੰ ਸੋਝੀ ਦੇ ਦਿਤੀ ਕਿ ਜੇ ਮੇਰਾ ਇਥੋਂ ਉਛਾਲਿਆ ਪਾਣੀ ਮੇਰੇ ਖੇਤਾਂ ਤਕ ਨਹੀਂ ਪੁਜ ਸਕਦਾ ਤਾਂ ਤੁਹਾਡਾ ਉਛਾਲਿਆ ਪਾਣੀ ਕਿਸੇ ਹੋਰ ਦੁਨੀਆ ਵਿਚ ਕਦਾਚਿਤ ਨਹੀਂ ਪਹੁੰਚ ਸਕਦਾ ਤਾਂ ਤੁਹਾਡਾ ਉਛਾਲਿਆ ਪਾਣੀ ਕਿਸੇ ਹੋਰ ਦੁਨੀਆਂ ਵਿਚ ਕਦਾਚਿਤ ਨਹੀਂ ਪਹੁੰਚ ਸਕਦਾ। ਕਾਮਲ ਤੇ ਅਨੁਭਵੀ ਸਤਿਗੁਰੂ ਦਾ ਇਹੋ ਕ੍ਰਿਸ਼ਮਾ ਸੀ ਕਿ ਉਨ੍ਹਾਂ ਦਾ ਹਥਿਆਰ ਉਨ੍ਹਾਂ ਤੇ ਹੀ ਵਰਤ ਕੇ ਉਨ੍ਹਾਂ ਦੇ ਬੇ-ਬੁਨਿਆਦੀ ਸਿਧਾਂਤ ਦਾ ਖੰਡਨ ਕਰ ਦਿਤਾ। ਪਰ ਜੇ ਗੁਰੂ ਨਾਨਕ ਦੀ ਥਾਂ ਜੇ ਕੋਈ ਨਿਰੋਲ ਬੋਧਕ ਵਿਅੱਕਤੀ ਹੁੰਦਾ ਤਦ ਉਹ ਇਡੇ ਭਾਰੇ ਇਕੱਠ ਵਿਚ, ਜਿਥੇ ਮੌਤ ਹੋ ਸਕਦੀ ਹੋਵੇ, ਕਦੇ ਖ਼ਤਰਾ ਸਹੇੜ ਨਹੀਂ ਸਕਦਾ। ਅਕਲ ਉਸ ਨੂੰ ਖ਼ਤਰਾ ਮੁਲ ਲੈਣ ਤੋਂ ਰੋਕੇਗੀ। ਫ਼ਿਲਾਸਫ਼ਰ ਭਾਂਤ ਦੇ ਲੋਕ ਕੁਰਬਾਨੀ ਨਹੀਂ ਕਰ ਸਕਦੇ। ਹਰਦੁਆਰ ਜਿਹੇ ਮਹਾਨ ਇਕੱਠ ਵਿਚ ਕੇਵਲ ਇਕ ਪੁਰਸ਼ ਦਾ ਸਾਰਿਆਂ ਤੋਂ ਉਲਟ ਕਰਮ ਕਰਨਾ ਮਹਾਨ ਜੇਰੇ ਦਾ ਕੰਮ ਸੀ। ਮੌਤ ਨੂੰ ਅਗੇ ਲਾਣ ਵਾਲਾ ਯੁੱਗ-ਪੁਰਸ਼ ਹੀ ਇੰਨੇ ਲੋਕਾਂ ਦੇ ਭਰਮ-ਗੜ੍ਹ ਦੇ ਕਿਲ੍ਹੇ ਉਤੇ ਹਮਲਾ ਕਰ ਸਕਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਪਰਚਾਰ-ਦੌਰੇ ਵਿਚ ਧਰਮ ਦੇ ਵਡੇ ਵਡੇ ਠੇਕੇਦਾਰਾਂ, ਸਯਦਾਂ, ਬ੍ਰਾਹਮਣਾ, ਸ਼ੇਖਾਂ, ਮੱਕੇ ਦੇ ਹਾਜੀਆਂ, ਹਮਜ਼ਾ ਗੌਂਸ ਤੇ ਵਲੀ ਕੰਧਾਰੀ ਜਿਹਿਆਂ ਨਾਲ ਟੱਕਰ ਲੈਂਦੇ ਰਹੇ। ਅਜਿਹਾ ਕਰਨ ਵਿਚ ਇਹ ਭੇਦ ਸੀ ਕਿ ਇਹ ਲੋਕੀਂ ਜਨਤਾ ਵਿਚ ਪ੍ਰਸਿਧ ਹੋ ਚੁਕੇ ਸਨ। ਜਨਤਾ ਇਨ੍ਹਾਂ ਦੇ ਅਸਰ ਰਸੂਖ ਹੇਠ ਸੀ। ਇਨ੍ਹਾਂ ਨੂੰ ਰਾਹੇ ਪਾਉਣ ਨਾਲ ਹਜ਼ਾਰਾਂ ਲੋਕ ਹੋਰ ਸੁਧਰਦੇ ਸਨ।

ਗੁਰੂ ਨਾਨਕ ਦੇਵ ਜੀ ਨਿਰੋਲ ਸਚੀ ਸੁਚੀ ਸ਼ਖਸੀਅਤ ਦੇ ਅਨੁਭਵੀ ਪੁਰਸ਼ ਸਨ। ਉਹ ਅਮਲੀ ਜੀਵਨ ਤੋਂ ਵਿਰਵੇ ਫੋਕੇ ਫ਼ਿਲਾਸਫ਼ਰਾਂ ਵਾਂਗ ਸਿਮਰਤੀ-ਕਾਰ ਜਾਂ ਕਾਨੂੰਨੀ ਨੁਕਤਾਚੀਨ ਨਹੀਂ ਸਨ।

ਅਕਲ ਜਾਂ ਹੋਸ਼ ਸੀਮਤ ਚੀਜ਼ ਹੈ। ਸੀਮਤ ਚੀਜ਼ ਸੀਮਤ ਹੀ ਸਿੱਟੇ ਲਿਆ ਸਕਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਕਲ ਨਾਲ ਇੰਨੀ ਚੰਗੀ ਤਰ੍ਹਾਂ ਸਮਝੀ ਨਹੀਂ ਜਾ ਸਕਦੀ ਜਿੰਨੀ ਕਿ ਅਨੁਭਵੀ ਦਰਸ਼ਨ ਨਾਲ। ਅਕਲ ਜਾਂ ਹੋਸ਼ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਇਤਿ-ਹਾਸਕ ਪੱਖਾਂ ਕਾਰਨ, ਕਾਰਜ ਜਾਂ ਇਸ ਦੇ ਉਪਜੇ ਸਿਟਿਆਂ ਦਾ ਨਿਰਣਾ ਕਰ ਕੇ ਬਸ ਕਰ ਜਾਵੇਗੀ। ਅਨੁਭਵੀ ਸ਼ਖਸ਼ੀਅਤਾਂ ਇਸ ਦਾ ਜਾਇਜ਼ਾ—

ਆਪਨ ਖੇਲੁ ਆਪਿ ਕਰਿ ਦੇਖੈ ॥
ਖੇਲੁ ਸੰਕੋਚੈ ਤਉ ਨਾਨਕ ਏਕੈ ॥

ਦੇ ਵਿਸ਼ਾਲ ਦ੍ਰਿਸ਼ਟੀਕੋਣ ਤੋਂ ਲਾਣਗੀਆਂ। ਭਾਈ ਗੁਰਦਾਸ ਜੀ ਦੀ ਅਨੁਭਵੀ ਸ਼ਖਸੀਅਤ ਨੇ ਹੀ ਗੁਰੂ ਜੋਤਿ ਦੀ ਇਸ ਇਕ-ਰਸ ਅਡੋਲ ਅਵਸਥਾ ਨੂੰ ਵੇਖ ਕੇ ਬਿਆਨ ਕੀਤਾ ਹੈ—

ਸਬਦੁ ਸੁਰਤਿ ਲਿਵ ਮਿਰਗ ਜਿਉ,ਭੀੜ ਪਈ
ਚਿਤਿ ਅਵਰੁ ਨ ਆਣੀ ॥ ਚਰਨ ਕਵਲ
ਮਿਲਿ ਭਵਰ ਜਿਉ, ਸੁਖ ਸੰਪਟ ਵਿਚਿ
ਰੈਣਿ ਵਿਹਾਣੀ ॥

(ਅ) ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਖ਼ਾਲਸੇ ਦੀ ਸਾਜਨਾ, ਪੰਜਾਂ ਪਿਆਰਿਆਂ ਦੀ ਚੋਣ

www.AKJ.Org

ਰਾਹੀਂ, ਤਲਵਾਰ ਨਾਲ ਕੀਤੀ। ਇਹ ਇਕ ਬੜਾ ਰਹੱਸਮਈ ਕੌਤਕ ਸੀ। ਨਿਰੇ ਅਕਲਈਏ ਦਲੀਲਬਾਜ਼ ਲੋਕ ਜੋ ਉਥੇ ਬੈਠੇ ਸਨ ਉਹ ਭਾਂਤ ਭਾਂਤ ਦੀਆਂ ਬੋਲੀਆਂ ਬੋਲਣ ਲਗੇ: ਅੱਜ ਗੁਰੂ ਦੀ ਤਲਵਾਰ ਸਿੱਖਾਂ ਉਤੇ ਹੀ ਚਲਣ ਲਗੀ ਹੈ। ਅਕਲ ਦੇ ਪੰਡਤਾਂ ਨੇ ਮਾਤਾ ਗੁਜਰੀ ਜੀ ਨੂੰ ਜਾ ਆਖਿਆ ਕਿ ਗੁਰੂ ਜੀ ਨੂੰ ਸਿੱਖਾਂ ਦੇ ਕਤਲਾਮ ਤੋਂ ਰੋਕੋ। ਕਈ ਡਰਦੇ ਮਾਰੇ ਭੱਜ ਖਲੋਤੇ। ਇਹ ਲੋਕ ਕੌਣ ਸਨ? ਜਿਨ੍ਹਾਂ ਦਸਮੇਸ਼ ਪਿਤਾ ਨੂੰ ਜੋਤਿ ਰੂਪ ਵਿਚ ਨਹੀਂ ਸੀ ਵੇਖਿਆ।

ਭਿੰਨ ਭਿੰਨ ਸਭ ਹੂੰ ਕਰ ਜਾਨਾ ॥ ਏਕ ਰੂਪ
ਕਿਨਹੂ ਪਹਿਚਾਨਾ ॥ [ਬਚਿਤ੍ਰ ਨਾਟਕ

ਜਦੋਂ ਅਕਲਾਂ ਦੇ ਭੰਡਾਰ ਡੋਲ ਗਏ ਤਾਂ ਸ਼ਰਧਾ ਤੇ ਸਿਦਕ ਅਗੇ ਆਇਆ ਅਤੇ ਏਕ ਰੂਪ ਪਹਿਚਾਨਣ ਵਾਲੇ ਕੇਵਲ ਪੰਜ ਨਿਤਰੇ। ਸਿੱਖੀ ਅਨੁਭਵ ਤੇ ਆਤਮਕ ਉਚਾਈ 'ਅੰਮ੍ਰਿਤ' ਦੀ ਹੱਕਦਾਰ ਬਣੀ। ਦਸਮ ਗੁਰੂ ਨੇ 'ਖਾਲਸਾ ਮੇਰੋ ਰੂਪ ਹੈ ਖਾਸ' ਆਖ ਕੇ ਨਿਵਾਜਿਆ। ਕੇਵਲ ਇਕੱਲੀ ਅਕਲ ਤੇ ਗਿਆਨ ਡੋਲ ਜਾਂਦਾ ਹੈ। ਸ਼ਰਧਾ ਤੇ ਸਿਦਕ ਪਰਖ ਸਮੇਂ ਪੂਰਾ ਉਤਰਦਾ ਹੈ।

(ੲ) ਧਰਮ ਖਾਤਰ ਸੀਸ ਦੇਣ ਦਾ ਜਦ ਸਮਾਂ ਆਵੇ ਤਾਂ ਸਿੱਖਾਂ ਨੂੰ ਚਾਉ ਚੜ੍ਹ ਜਾਂਦਾ ਹੈ। ਐਸੀ ਸੂਰਤ ਵਿਚ ਉਹ ਹਾਣ ਲਾਭ ਨਹੀਂ ਵਿਚਾਰਦੇ, ਕੁਝ ਅੱਗਾ ਪਿਛਾ ਨਹੀਂ ਸਮਝਦੇ। ਹਰ ਇਕ ਸਿੱਖ ਦੀ ਇਹੋ ਚਾਹਨਾ ਹੁੰਦੀ ਹੈ ਕਿ ਸਭ ਤੋਂ ਪਹਿਲਾਂ ਉਸ ਦਾ ਸੀਸ ਲਗੇ। ਉਸ ਨੂੰ ਇਹ ਦੁਨੀਆ ਨਜ਼ਰ ਨਹੀਂ ਆਉਂਦੀ, ਸਗੋਂ ਸਤਿਗੁਰੂ ਜੀ ਦਾ ਦਰਬਾਰ ਦਿਸਦਾ ਹੁੰਦਾ ਹੈ। ਉਹ ਉਸ ਦਰਬਾਰ ਵਿਚ ਪੁਜਣ ਲਈ ਕਾਹਲਾ ਹੁੰਦਾ ਹੈ, ਇਸੇ ਲਈ ਸਭ ਤੋਂ ਪਹਿਲਾਂ ਸਿਰ ਵਾਰਦਾ ਹੈ।

ਜਦੋਂ ਸ੍ਰੀ ਹਰਿਮੰਦਰ ਸਾਹਿਬ ਦੀ ਬੇ-ਅਦਬੀ ਦੀ ਖ਼ਬਰ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਦਮਦਮੇ ਸਾਹਿਬ ਸੁਣੀ ਤਾਂ ਆਪ ਇਕੱਲੇ ਹੀ ਤੁਰ ਪਏ। ਆਪ ਚੰਗੀ ਤਰ੍ਹਾਂ ਜਾਣਦੇ ਸਨ ਕਿ ਅਸੀਂ ਇਕੱਲੇ ਕੁਝ ਨਹੀਂ ਕਰ ਸਕਾਂਗੇ, ਪਰ ਉਹਨਾਂ ਦਾ ਮਨੋਰਥ ਐਸੀਆਂ ਗਿਣਤੀਆਂ ਵਿਚ ਪੈਣ ਦਾ ਨਹੀਂ ਸੀ। ਉਹਨਾਂ ਨੇ ਸ੍ਰੀ ਹਰਿਮੰਦਰ ਸਾਹਿਬ ਸ਼ਹੀਦ ਹੋਣਾ ਸੀ। ਆਪ ਤੁਰ ਪਏ। ਜਿਉਂ ਜਿਉਂ ਖ਼ਬਰ ਹੁੰਦੀ ਗਈ, ਸਿੰਘ ਆਪ ਤੋਂ ਆਪ ਨਾਲ ਰਲਦੇ ਗਏ। ਅੰਤ ਨੂੰ ਸਾਰੇ ਸਿੰਘ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਜੂਹ ਵਿਚ ਪਹੁੰਚ ਕੇ ਸ਼ਹੀਦ ਹੋ ਗਏ।

(ਸ) ਅਹਿਮਦ ਸ਼ਾਹ ਅਬਦਾਲੀ ਤੀਹ ਹਜ਼ਾਰ ਪਠਾਣ ਲਈ ਆ ਰਿਹਾ ਹੈ ਅਤੇ ਸ਼ਹੀਦ ਗੁਰਬਖ਼ਸ਼ ਸਿੰਘ ਜੀ ਕੇਵਲ ਤੀਹ ਸਿੰਘਾਂ ਨਾਲ ਸ੍ਰੀ ਹਰਿਮੰਦਰ ਜੀ ਦੀ ਰਾਖੀ ਲਈ ਬੈਠੇ ਹਨ। ਜਿਉਂ ਜਿਉਂ ਸ਼ਹੀਦੀ ਦਾ ਸਮਾਂ ਆਉਂਦਾ ਹੈ ਤਿਉਂ ਤਿਉਂ ਪ੍ਰਸੰਨ ਹੁੰਦੇ ਹਨ। ਗਿਲਜ਼ੇ ਆਉਂਦੇ ਹਨ, ਲੜਾਈ ਹੁੰਦੀ ਹੈ ਅਤੇ ਸਾਰੇ ਸਿੰਘ ਸ਼ਹੀਦ ਹੋ ਜਾਂਦੇ ਹਨ। ਉਹਨਾਂ ਨੂੰ ਪਤਾ ਸੀ ਕਿ ਅਸੀਂ ਇਸ ਫ਼ੌਜ ਨੂੰ ਰੋਕ ਨਹੀਂ ਸਕਾਂਗੇ। ਉਹ ਜਾਣਦੇ ਸਨ ਕਿ ਜੇਕਰ ਝਾੜਾਂ ਵਿਚ ਲੁੱਕ ਜਾਈਏ ਤਾਂ ਜਾਨਾਂ ਬੱਚ ਸਕਦੀਆਂ ਹਨ, ਪਰ ਉਹਨਾਂ ਦਾ ਭਾਵ ਜਾਨਾਂ ਬਚਾਉਣੀਆਂ ਜਾਂ ਫ਼ੌਜ ਰੋਕਣਾ ਨਹੀਂ ਸੀ। ਉਹ ਸਮਝਦੇ ਸਨ ਕਿ ਭਾਗਾਂ ਨਾਲ ਸੁਭਾਗ ਸਮਾਂ ਹੱਥ ਆਇਆ ਹੈ, ਅਸਾਂ ਸ਼ਹੀਦ ਹੋਣਾ ਹੈ ਅਤੇ ਸਤਿਗੁਰੂ ਦੇ ਹਜ਼ੂਰ ਪੁਜਣਾ ਹੈ।

ਚੇਤੇ ਰਹੇ, ਸਿਖ ਦਾ ਜੀਵਨ ਸਭ ਤੋਂ ਪਹਿਲਾਂ ਧਾਰਮਕ ਜੀਵਨ ਹੈ। ਧਰਮ ਖ਼ਾਤਰ ਸਿਖ ਸਭ ਕੁਝ ਵਾਰ ਸਕਦਾ ਹੈ। ਜਾਨ, ਮਾਲ, ਇਜ਼ਤ, ਅਬਰੋ ਅਤੇ ਆਪਣਾ ਆਪ ਸਭ ਕੁਝ ਧਰਮ ਖਾਤਰ ਵਾਰਨ ਨੂੰ ਸਿਖ ਅਪਣੇ ਧੰਨ ਭਾਗ ਸਮਝਦਾ ਹੈ। ਸਿਖ ਬਾਣੀਆਂ ਵਾਲੇ ਲੇਖੇ ਨਹੀਂ ਕਰਦਾ, ਹਟਵਾਣੀਆਂ ਵਾਲੇ ਵਾਧੇ ਘਾਟੇ ਨਹੀਂ ਸੋਚਦਾ, ਉਹ ਧਰਮ ਖ਼ਾਤਰ ਕੁਰਬਾਨੀ ਕਰਨੀ ਚਾਹੁੰਦਾ ਹੈ ਅਤੇ ਬਸ।

['ਅਮਰ ਖ਼ਾਲਸਾ' ਦੇ ਹਵਾਲੇ ੲ ਤੇ ਸ
ਕ੍ਰਿਤ ਕਰਮ ਸਿੰਘ ਹਿਸਟੋਰੀਅਨ]

ਉਪਰੋਕਤ ਇਤਿਹਾਸਕ ਘਟਨਾਵਾਂ ਦੀ ਰੋਸ਼ਨੀ



www.AKJ.Org

ਵਿਚ ਇਸ ਗੱਲ ਦਾ ਨਿਰਣਾ ਹੁੰਦਾ ਹੈ ਕਿ ਸ਼ਹਾਦਤ ਦੇ ਸਮੇਂ ਦਲੀਲ ਜਾਂ ਸੋਚਾਂ ਸੋਚਣ ਵਾਲੀ ਬੁੱਧੀ ਕੰਮ ਨਹੀਂ ਆਉਂਦੀ। ਦਲੀਲ ਜਾਂ ਬੁਧੀ ਤੋਂ ਸਿਖ ਕੇਵਲ ਇੰਨਾ ਹੀ ਕੰਮ ਲੈਂਦਾ ਹੈ ਕਿ ਉਹ ਸਾਹਮਣੇ ਆਈ ਸਥਿਤੀ ਦਾ ਦੋ ਸ਼ਬਦਾਂ ਵਿਚ ਨਿਰਣਾ ਕਰੇ ਕਿ ਇਹ ਕੰਮ ਠੀਕ ਹੈ ਜਾਂ ਗ਼ਲਤ। ਸਿਧਾਂਤਕ ਨਿਰਣੇ ਮਗਰੋਂ ਉਸ ਨੂੰ ਪਰਗਟ ਰੂਪ ਵਿਚ ਸਾਕਾਰ ਕਰਨ ਲਈ ਜਜ਼ਬੇ ਦੀ ਲੋੜ ਪਵੇਗੀ ਬਹਾਦਰੀ ਤੇ ਕੁਰਬਾਨੀ ਦੀ। ਸ਼ਹਾਦਤ ਦੇਣ ਲਈ ਜਜ਼ਬੇ ਦਾ ਹੜ੍ਹ ਕੰਮ ਕਰੇਗਾ। ਦਲੀਲ ਦੀ ਘੜੀ ਰੁਕ ਜਾਵੇਗੀ। ਐਮਰਸਨ ਲਿਖਦਾ ਹੈ:—ਬਹਾਦਰੀ ਕੇਵਲ ਅਨੁਭਵ ਹੀ ਕਰਦੀ ਹੈ, ਦਲੀਲ ਵਿਚ ਨਹੀਂ ਪੈਂਦੀ।

ਸਿਆਣਾ ਅਖਵਾਣ ਵਾਲਾ ਤੇ ਹਿਸਾਬੀ ਕਿਤਾਬੀ ਬੰਦਾ ਕੁਰਬਾਨੀ ਨਹੀਂ ਕਰ ਸਕਦਾ। ਲੋਹਗੜ੍ਹ ਦੇ ਕਿਲ੍ਹੇ ਨੂੰ ਤੋੜਨ ਲਈ ਪਹਾੜੀ ਰਾਜਿਆਂ ਵਲੋਂ ਜੰਗੀ ਹਾਥੀ ਆ ਰਿਹਾ ਸੀ। ਦੁਨੀ ਚੰਦ ਮਸੰਦ ਨੂੰ ਸ੍ਰੀ ਗੁਰੂ ਗੋਬਿੰਦ ਜੀ ਨੇ ਫੁਰਮਾਇਆ ਕਿ ਉਹ ਹਾਥੀ ਨਾਲ ਟੱਕਰ ਲਏ। ਉਹ ਦਲੀਲ ਵਿਚ ਪੈ ਗਿਆ। ਇਡੀ ਭਾਰੀ ਫੌਜ, ਵੈਰੀ ਦਾ ਲਸ਼ਕਰ, ਮੈਂ ਇਕੱਲਾ। ਉਹ ਦਲੀਲਾਂ ਦੇ ਘੋੜੇ ਦੁੜਾਂਦਾ ਕਿਲ੍ਹੇ ਦੀ ਕੰਜ ਟੱਪ ਕੇ ਭਜ ਉਠਿਆ, ਪਰ ਭਾਈ ਬਚਿਤਰ ਸਿੰਘ ਜੀ ਨੂੰ, ਜੋ ਹਲਕੇ ਜਿਹੇ ਸਰੀਰ ਦਾ ਸੀ, ਦਸਮੇਸ਼ ਪਿਤਾ ਨੇ ਹਾਥੀ ਦਾ ਟਾਕਰਾ ਕਰਨ ਲਈ ਥਾਪੜਾ ਦਿਤਾ। ਵਿਸ਼ਵਾਸ ਦੇ ਪੁਤਲੇ ਨੇ ਗੁਰੂ-ਹੁਕਮਾਂ ਅਗੇ ਸਿਰ ਝੁਕਾਇਆ। ਲੜਨਾ ਤੇਰੀ ਬਖਸ਼ਿਸ਼ ਨੇ ਹੈ, ਮੈਂ ਤਾਂ ਬਹਾਨਾ ਹਾਂ। ਉਸ ਨੇ ਮੈਦਾਨੇ ਜੰਗ ਵਿਚ ਪੁਜ ਕੇ ਹਾਥੀ ਦੀਆਂ ਫੌਲਾਦੀ ਤਵੀਆਂ ਨਾਗਣੀ ਬਰਛੇ ਨਾਲ ਵਿੰਨ੍ਹ ਦਿਤੀਆਂ। ਅਜਿਹੀ ਬੁਰੀ ਕੀਤੀ ਕਿ ਹਾਥੀ ਚੀਕਦਾ ਹੋਇਆ ਵੈਰੀ ਫ਼ੌਜ ਨੂੰ ਲਿਤਾੜਦਾ ਭੱਜ ਖਲੋਤਾ। ਵੈਰੀ ਦੀ ਸਾਜਸ਼ ਫੇਲ੍ਹ ਹੋ ਗਈ। ਇਕ ਪਾਸੇ ਆਪਣੀ ਮਤ ਤੇ ਦਲੀਲ ਸੀ ਪਰ ਦੂਜੇ ਪਾਸੇ ਸ਼ਰਧਾ ਤੇ ਵਿਸ਼ਵਾਸ ਸੀ। ਦਿਮਾਗੀ ਪੱਧਰ ਹਾਰ ਗਿਆ, ਪਰ ਵਿਸ਼ਵਾਸ ਜੇਤੂ ਬਣਿਆ।

(ਹ) ਚੌਧਰੀ ਡਲਾ ਬੜਾ ਦਲੀਲਬਾਜ਼ ਸੀ। ਕਲਗੀਧਰ ਪਿਤਾ ਦਾ ਫ਼ੌਲਾਦੀ ਅੰਮ੍ਰਿਤ ਉਸ ਨੂੰ ਪਤਾਸਿਆਂ ਦਾ ਪਾਣੀ ਹੀ ਦਿਸਦਾ ਸੀ। ਉਹ ਕਈ ਵਾਰੀ ਫੋਕੀਆਂ ਫੜਾਂ ਮਾਰਦਾ ਕਿ ਜੇਕਰ ਗੁਰੂ ਜੀ ਤੁਸੀਂ ਮੈਨੂੰ ਅਨੰਦਪੁਰ ਦੇ ਘੇਰੇ ਸਮੇਂ ਯਾਦ ਕਰ ਲੈਂਦੇ ਤਦ ਮੇਰੇ ਬਰਾੜ ਸਿਪਾਹੀ ਤੁਹਾਨੂੰ ਬਿਪਤਾ ਵਿਚੋਂ ਕੱਢ ਲੈ ਜਾਂਦੇ। ਤੁਹਾਡੇ ਸਾਹਿਬਜ਼ਾਦਿਆਂ ਤੇ ਬੇਅੰਤ ਸਿੱਖਾਂ ਦੀਆਂ ਜਾਨਾਂ ਦਾ ਨੁਕਸਾਨ ਨਾ ਹੁੰਦਾ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਸ ਨੂੰ ਬੜਾ ਸਮਝਾਂਦੇ ਕਿ ਭਾਈ ਡਲਾ, ਸਿੱਖਾਂ ਨੂੰ ਕੁਰਬਾਨੀਆਂ ਦੀ ਜਾਚ ਸਿਖਾਉਣੀ ਸੀ। ਲੋਕੀ ਕਿਸੇ ਆਦਰਸ਼ ਮਗਰ ਉਦੋਂ ਟੁਰਦੇ ਹਨ ਜਦੋਂ ਉਹਨਾਂ ਨੂੰ ਆਦਰਸ਼ ਲਈ ਕੁਰਬਾਨੀ ਕਰ ਕੇ ਵਿਖਾਈ ਜਾਵੇ। ਪਰੰਤੂ ਉਹ ਦਲੀਲਾਂ ਨਾਲ ਨਾ ਸਮਝਿਆ। ਪਰ ਜਦ ਇਕ ਸਿੱਖ ਵਲੋਂ ਭੇਟਾ ਹੋਈ ਬੰਦੂਕ ਦਾ ਨਿਸ਼ਾਨਾ ਪਰਖਣ ਦਾ ਵੇਲਾ ਆਇਆ ਤਾਂ ਡੱਲਾ ਅਤੇ ਉਸ ਦੇ ਬਹਾਦਰ ਜੁਆਨ ਦਲੀਲਾਂ ਤੇ ਸੋਚਾਂ ਵਿਚ ਡੁੱਬੇ ਉਂਧੀ ਪਾ ਗਏ। ਜਦੋਂ ਦੋ ਸਿੰਘਾਂ ਅਵਾਜ਼ ਸੁਣੀ, ਇਕ ਦੂਜੇ ਮਗਰ ਭਜੇ ਆਏ। ਇਹ ਭਾਈ ਬੀਰ ਸਿੰਘ ਭਾਈ ਲਖਮੀਰ ਸਿੰਘ ਜ਼ਿਲਾ ਬਠਿੰਡਾ ਦੇ ਸਨ, ਦੋਵੇਂ ਪਿਉ ਸਨ। ਪੁਤ ਕਹੇ, ਮੈਂ ਪਹਿਲਾਂ ਅਵਾਜ਼ ਸੁਣੀ ਹੈ, ਪਿਤਾ ਆਖੇ ਮੈਂ। ਸਤਿਗੁਰਾਂ ਕਿਹਾ ਦੋਵੇਂ ਸਿਧੇ ਖੜੇ ਹੋ ਜਾਓ। ਸਤਿਗੁਰੂ ਬੰਦੂਕ ਉਚੀ ਕਰਨ ਤਾਂ ਉਹ ਅਡੀਆਂ ਚੁਕ ਕੇ ਉਚੇ ਹੋ ਜਾਣ। ਸਤਿਗੁਰੂ ਬੰਦੂਕ ਹੇਠਾਂ ਕਰਨ ਤਾਂ ਉਹ ਹੇਠਾਂ ਹੋ ਜਾਣ ਤਾਂ ਜੁ ਨਿਸ਼ਾਨਾ ਖੁੰਝ ਨਾ ਜਾਏ। ਆਖ਼ਰ ਕੁਝ ਮਿੰਟ ਕੌਤਕ ਵਰਤਾ ਕੇ ਉਨ੍ਹਾਂ ਦੇ ਉਪਰੋਂ ਦੀ ਫ਼ਾਇਰ ਕਰ ਦਿਤਾ। ਸਿੱਦਕੀ ਸਿਖ ਅਡੋਲ ਖੜੇ ਸਨ। ਭਾਈ ਡੱਲਾ ਉਂਗਲਾਂ ਟੁੱਕ ਰਿਹਾ ਸੀ। ਗੁਰੂ ਕਲਗੀਧਰ ਪਿਤਾ ਆਖਣ ਲਗੇ, ਭਾਈ ਡਲਾ, ਮੈਂ ਬੰਦੇ ਫੜ ਕੇ ਮਾਰ ਨਹੀਂ ਸਨ ਦੇਣੇ, ਮੈਂ ਉਨ੍ਹਾਂ ਅੰਦਰ ਧਸੀ ਹੋਈ ਬਹਾਦਰੀ ਵੇਖਣੀ ਸੀ। ਇਹ ਹਨ ਉਹ ਅੰਮ੍ਰਿਤਧਾਰੀ ਸਿੰਘ, ਜਿਨ੍ਹਾਂ ਨੂੰ ਤੁਸੀਂ ਐਵੇਂ ਕਿਵੇਂ ਸਮਝਦੇ ਹੋ। ਡਲੇ ਨੂੰ ਅੰਮ੍ਰਿਤ ਦੀ ਮਹਾਨਤਾ ਦੀ ਸਮਝ ਆ ਗਈ। ਅਤੇ ਉਹ ਦਲੀਲ ਤੇ ਮਨਮਤ ਛਡ ਕੇ ਅੰਮ੍ਰਿਤਧਾਰੀ ਸਿੰਘ ਸਜਿਆ।



www.AKJ.Org

## ਅੰਤਮ ਸਿੱਟਾ—

ਬੁਧੀ ਸੀਮਤ ਵਸਤੂ ਹੈ, ਆਤਮਕ ਅਨੁਭਵ ਅਸੀਮਤ । ਸੀਮਤ ਅਸੀਮ ਵਲ ਇਸ਼ਾਰੇ ਤਾਂ ਕਰ ਸਕਦੀ ਹੈ, ਪਰ ਉਸ ਦਾ ਭੇਦ ਨਹੀਂ ਲੈ ਸਕਦੀ; ਪੂਰਨਤਾ ਤੀਕਰ ਨਹੀਂ ਪਹੁੰਚ ਸਕਦੀ । ਇਸ ਦਾ ਭਾਵ ਇਹ ਨਹੀਂ ਕਿ ਸਾਨੂੰ ਬੁੱਧੀ ਤੋਂ ਕੰਮ ਨਹੀਂ ਲੈਣਾ ਚਾਹੀਦਾ । ਦਿਮਾਗ ਤੇ ਬੁੱਧੀ ਦਾ ਖੇਤਰ ਵਿਸ਼ਾਲਤਾ ਤੀਕਰ ਨਹੀਂ ਪਹੁੰਚ ਸਕਦਾ । ਆਤਮਕ ਅਨੁਭਵ ਤੇ ਜਾ ਕੇ ਬੁੱਧੀ ਖ਼ਤਮ ਹੋ ਜਾਂਦੀ ਹੈ । ਸਿੱਖ ਧਰਮ ਅਨੁਸਾਰ ਬੁੱਧੀ ਕੇਵਲ ਕਿਸੇ ਪਹਿਲੂ ਦੇ ਚੰਗੇ ਜਾਂ ਮਾੜੇ ਪੱਖ ਦਾ ਨਿਰਣਾ ਕਰ ਸਕਦੀ ਹੈ ਪਰ ਅਗੇ ਉਸ ਉਤੇ ਵਰਤੋਂ ਲਈ ਜਜ਼ਬੇ ਦੀ ਲੋੜ ਪਏਗੀ । ਨਿਰੋਲ ਜਜ਼ਬਾਤੀ ਪਾਗਲ ਬਣ ਸਕਦਾ ਹੈ, ਨਿਰੋਲ ਬੋਧਿਕ ਨਾਸਤਕਤਾ ਵਲ ਵੱਧ ਸਕਦਾ ਹੈ । ਬੋਧਿਕ (ਅਕਲ) ਤੇ ਜਜ਼ਬੇ ਦਾ ਮੇਲ ਗੁਰਮਤਿ ਹੈ । ਬੋਧਿਕ ਪੱਖ ਨਾਲ ਸਾਡੀ ਪੂਰੀ ਤਸੱਲੀ ਨਹੀਂ ਹੋ ਸਕਦੀ । ਪੂਰੀ ਤਸੱਲੀ ਗੁਰੂ-ਜੋਤਿ ਨਾਲ ਜੁੜ ਕੇ ਹੀ ਹੋ ਸਕਦੀ ਹੈਜਿਥੇ ਪ੍ਰਕਾਸ਼ ਹੀ ਪ੍ਰਕਾਸ਼ ਹੈ । ਦਲੀਲ, ਨਿਆਇ,ਵਿਵੇਕ,ਤਰਕ ਸਾਨੂੰ ਪਾੜਦੇ ਹਨ, ਜਜ਼ਬਾ ਜੋੜਦਾ ਹੈ । ਕੀਰਤਨ ਜਜ਼ਬੇ ਦਾ ਹੜ ਹੈ, ਇਸ ਲਈ ਗੁਰਮਤਿ ਅੰਦਰ ਕੀਰਤਨ ਦਾ ਢੇਰ ਮਹੱਤਵ ਹੈ । ਕੀਰਤਨ ਸਾਨੂੰ ਦੇਸ਼-ਕਾਲ ਦੀਆਂ ਹੱਦਾਂ ਤੋਂ ਉਤਾਂਹ ਚੁਕ ਕੇ ਸਾਈਂ ਜੀ ਦੇ ਮੰਡਲ 'ਸਚਖੰਡ' ਵਿਚ ਲੈ ਜਾਂਦਾ ਹੈ । ਇਸ ਦਾ ਇਹ ਭਾਵ ਕਦਾਚਿਤ ਨਹੀਂ ਕਿ ਸਿੱਖ ਧਰਮ ਵਿਗਿਆਨਕ ਜਾਂ ਬੋਧਿਕ ਧਰਮ ਨਹੀਂ,ਜਾਂ ਸਿੱਖ ਧਰਮ ਦੀ ਵਿਗਿਆਨਕ ਪੱਧਰ ਤੇ ਵਿਆਖਿਆ ਨਹੀਂ ਹੋ ਸਕਦੀ । ਸਿੱਖ ਧਰਮ ਦੇ ਸਾਰੇ ਪਹਿਲੂ ਦਲੀਲ ਜਾਂ ਦਿਮਾਗ, ਤਰਕ ਜਾਂ ਵਿਵੇਕ (*Logic and reason*) ਨਾਲ ਨਹੀਂ ਸਮਝੇ ਜਾ ਸਕਦੇ । ਕੁਝ ਡੂੰਘੇ ਪਹਿਲੂ ਵਿਸ਼ਵਾਸ ਦੀ ਮਦਦ ਨਾਲ ਸਮਝੇ ਜਾ ਸਕਦੇ ਹਨ, ਜਿਵੇਂ ਆਤਮਕ ਮੰਡਲਾਂ ਦੀ ਸੋਝੀ, ਸ਼ਬਦ ਸੁਰਤ ਦੇ ਚਮਤਕਾਰ । ਬੁੱਧੀ ਕੇਵਲ ਕਿਸੇ ਪਹਿਲੂ ਨੂੰ ਸਪੱਸ਼ਟ ਕਰ ਸਕਦੀ ਹੈ । ਉਸ ਪਹਿਲੂ ਉਤੇ ਪੁਜਣ ਦਾ ਵਸੀਲਾ ਅਮਲੀ ਤੌਰ ਉਤੇ ਅਪਣਾਉਣਾ ਪਵੇਗਾ, ਜਿਥੇ ਰਾਗ, ਕੀਰਤਨ, ਜਜ਼ਬਾ ਤੇ ਪ੍ਰਭੂ-ਸਿਮਰਨ ਸਭ ਤੋਂ ਵੱਧ ਸਹਾਇਕ ਹੋਣਗੇ । ਸਭ ਤੋਂ ਵਡੀ ਸਮਝ ਇਹੋ ਹੈ ਕਿ ਆਪਣੀ ਅਕਲ† ਨੂੰ ਗੁਠੇ ਲਾ ਕੇ ਕਿਸੇ ਗੁਪਤ, ਅਦਿੱਖ ਸ਼ਕਤੀ ਉਤੇ ਭਰੋਸਾ ਕੀਤਾ ਜਾਵੇ । ਕੇਵਲ ਗਿਆਨ, ਦਿਮਾਗੀ ਘਾੜਤ ਕਿਸੇ ਸਮੇਂ ਡੋਲ ਸਕਦੀ ਹੈ । ਅਡੋਲਤਾ ਤੇ ਸਥਿਰਤਾ ਰੂਪ ਤੋਂ ਅਰੂਪ, ਸਰਗੁਣ ਤੋਂ ਨਿਰਗੁਣ ਹੋ ਜਾਣ ਤੋਂ ਪੈਦਾ ਹੋਵੇਗੀ । ਅਕਲ-ਹੀਣ ਮਨੁਖ ਪਸੂ ਢੋਰ ਜਾਂ ਅਭਿੱਜ ਪੱਥਰ ਹੈ । ਅਭਿਜ ਪੱਥਰ ਨੇ ਗਿਆਨ ਪਰਾਪਤ ਕੀਤਾ । ਬੁੱਧੀ ਚਮਕ ਉਠੀ । ਪੱਥਰ ਸ਼ੀਸ਼ੇ ਵਿਚ ਬਦਲ ਗਿਆ । ਪਰੰਤੂ ਸ਼ੀਸ਼ੇ ਨੂੰ ਜ਼ਰਬ ਦਾ ਖਤਰਾ, ਤਰੇੜ ਪੈ ਜਾਣ ਦਾ ਖਟਕਾ ਹੈ । ਕੇਵਲ ਗਿਆਨ ਤੇ ਅਕਲ ਤਿੜਕ ਸਕਦੀ ਹੈ । ਅਡੋਲਤਾ ਉਸੇ ਹਾਲਤ ਵਿਚ ਆਵੇਗੀ ਜਦੋਂ ਸ਼ੀਸ਼ਾ ਹੀਰੇ ਵਿਚ ਬਦਲ ਜਾਵੇਗਾ । ਹੀਰੇ ਨੂੰ ਭਾਵੇਂ ਅੱਗ ਵਿਚ ਰਖੋ, ਭਾਵੇਂ ਪਥਰਾਂ ਤੇ ਪਹਾੜਾਂ ਵਿਚ ਜਾਂ ਪਾਣੀ ਵਿਚ । ਹੀਰਾ ਨਾ ਟੁਟੇਗਾ ਨਾ ਤਿੜਕੇਗਾ । ਸੋ ਅਕਲ ਤੇ ਗਿਆਨ ਪਰਮ ਸੱਚ ਤੇ ਅੰਤਮ ਸੱਚ (*ULTIMATE TRUTH*) ਨਾਲ ਜੁੜ ਕੇ 'ਹਰਿ ਹੀ ਜੇਹਾ' ਹੋ ਕੇ ਪੂਰਨਤਾ ਤੀਕਰ ਪਹੁੰਚ ਸਕੇਗਾ । ਪੂਰਨ ਅਨੁਭਵ ਤੇ ਜਾ ਕੇ ਬੁੱਧੀ ਤੇ ਦਲੀਲ ਬਿਲਕੁਲ ਮੁੱਕ ਜਾਵੇਗੀ । ਅਤੇ ਉਥੇ ਨਿਰੋਲ **ਪਰਕਾਸ਼ ਹੀ ਪਰਕਾਸ਼** ਹੋਵੇਗਾ ।

---

†ਸਹਸ ਸਿਆਣਪੀ ਅਕਲ ।

---

# ਅਰਦਾਸ ਦਿਵਸ

ਗੁਰਦਵਾਰਾ ਗੁਰੂ ਕੇ ਮਹਿਲ ਅਤੇ ਗੁਰਦਵਾਰਾ ਟੋਬਾ ਭਾਈ ਸਾਲ੍ਹੋ ਵਿਖੇ ਗੁਰੂ ਮਹਾਰਾਜ ਤੇ ਗੁਰ-ਅਸਥਾਨਾਂ ਦੀ ਕੀਤੀ ਗਈ ਬੇਅਦਬੀ ਦੇ ਸੰਬੰਧ ਵਿਚ ੨੬-੧੦-੭੫ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਅਰਦਾਸ ਦਿਵਸ ਮਨਾਇਆ ਗਿਆ । ਮਹੱਲੇ ਦੇ ਮੁਖੀਆਂ ਨੇ ਸੰਗਤਾਂ ਦੇ ਭਾਰੀ ਇਕੱਠ ਵਿਚ ਹੋਈ ਘਟਨਾ ਤੇ ਪ੍ਰਾਸਚਿਤ ਕੀਤਾ ਅਤੇ ਖਿਮਾ ਮੰਗੀ ।



www.AKJ.Org

# ਕਕਾਰ ਫ਼ਿਲਾਸਫ਼ੀ

[ਵਲੋਂ—ਸ: ਗੁਰਮੀਤ ਸਿੰਘ ਜੀ, ਡਲਹੌਜ਼ੀ]

ਪੰਥ ਵਿੱਚ ਚਾਰ ਬੱਜਰ ਕੁਰਹਿਤਾਂ ਪ੍ਰਵਾਨ ਹਨ:— ੧ ਕੇਸਾਂ ਦੀ ਬੇਅਦਬੀ, ੨. ਪਰ-ਤ੍ਰਿਆ ਜਾਂ ਪਰ-ਪੁਰਸ਼ ਦਾ ਸੰਗ ੩. ਤਮਾਕੂ ਸੇਵਨ, ਅਤੇ ੪. ਕੁੱਠਾ।

ਇਨ੍ਹਾਂ ਬੱਜਰ ਕੁਰਹਿਤਾਂ ਵਿਚੋਂ ਇਕ ਭੀ ਕੁਰਹਿਤ ਹੋ ਜਾਣ ਨਾਲ ਸਿੰਘ ਗੁਰਸਿੱਖੀ ਵਿਚੋਂ ਖਾਰਜ ਹੋ ਜਾਂਦਾ ਹੈ। ਜੇਕਰ ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਦੁਬਾਰਾ ਅੰਮ੍ਰਿਤ ਦੀ ਦਾਤ ਪ੍ਰਾਪਤ ਹੋ ਜਾਵੇ ਤਾਂ ਗੁਰਸਿੱਖੀ ਵਿਚ ਸ਼ਾਮਿਲ ਹੁੰਦਾ ਹੈ।

ਪੰਜ ਕਕਾਰ ਭੀ ਜ਼ਰੂਰੀ ਹਨ:-੧. ਕ੍ਰਿਪਾਨ, ੨. ਕਛਹਿਰਾ, ੩. ਕੜਾ, ੪. ਕੰਘਾ, ੫. ਕੇਸਾਂ ਦੀ ਸੰਭਾਲ ਹਿਤ ਕੇਸ਼ਕੀ।

ਪੰਜਾਂ ਕਕਾਰਾਂ ਵਿਚੋਂ ਕਿਸੇ ਇਕ ਦੇ ਸਰੀਰ ਤੋਂ ਜੁਦਾ ਹੋ ਜਾਣ ਨਾਲ ਦੁਬਾਰਾ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਦੀ ਲੋੜ ਨਹੀਂ ਮੰਨੀ ਜਾਂਦੀ, ਬਲਕਿ ਅਰਦਾਸ ਕਰ ਕੇ ਭੁਲ ਬਖਸ਼ਾਈ ਜਾਂਦੀ ਹੈ। ਜੇਕਰ ਕੇਸਾਂ ਨੂੰ ਪੰਜਵਾਂ ਕਕਾਰ ਕਿਹਾ ਜਾਵੇ ਤਾਂ ਇਕ ਤਾਂ ਐਸਾ ਕਰਨ ਨਾਲ ਇਹ ਗੱਲ ਪ੍ਰਤੀਤ ਨਹੀਂ ਹੁੰਦੀ ਕਿ ਬਾਕੀ ਚਾਰ ਕਕਾਰਾਂ ਦੀ ਮਰਯਾਦਾ ਵਿਰੁਧ ਇਸ ਕਕਾਰ ਦੇ ਸਰੀਰ ਤੋਂ ਜੁਦਾ ਹੋ ਜਾਣ ਤੇ ਦੁਬਾਰਾ ਅੰਮ੍ਰਿਤ ਪਾਨ ਕਰਨਾ ਪੈਂਦਾ ਹੈ। ਦੂਸਰੇ ਇਹ ਬੱਜਰ ਕੁਰਹਿਤਾਂ ਵਿਚ ਪਹਿਲਾਂ ਹੀ ਆ ਚੁਕੇ ਹਨ। ਕੇਸਕੀ ਕਕਾਰ ਇਸ ਪ੍ਰਕਾਰ ਠੀਕ ਸਿੱਧ ਹੁੰਦਾ ਹੈ ਅਤੇ ਹਰੇਕ ਸਿੰਘ ਸਿੰਘਣੀ ਲਈ ਸਜਾਉਣੀ ਅਵੱਸ਼ ਹੈ।

## ਇਤਿਹਾਸਕ ਹਵਾਲਾ—

ਅਜ ਕਲ੍ਹ ਦੇ ਚਿਤਰਕਾਰਾਂ ਦੀਆਂ ਮਨਘੜਤ ਫ਼ੋਟੋਆਂ ਤੇ ਸੌ ਫ਼ੀ ਸਦੀ ਯਕੀਨ ਕਰਨਾ ਗਲਤੀ ਵਲ ਲੈ ਜਾਂਦਾ ਹੈ। ਇਤਿਹਾਸ ਤੋਂ ਚਾਨਣਾ ਪ੍ਰਾਪਤ ਕਰ ਕੇ ਫੋਟੋਆਂ ਕਸਵੱਟੀ ਤੇ ਪਰਖਣੀਆਂ ਚਾਹੀਦੀਆਂ ਹਨ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਮਾਤਾ ਭਾਗੋ ਨੂੰ ਅਪਣੀ ਹੱਥੀਂ ਦਸਤਾਰ ਸਜਾਈ। ਜੇਕਰ ਸਿੰਘਣੀਆਂ ਲਈ ਦਸਤਾਰ ਜ਼ਰੂਰੀ ਨ ਹੁੰਦੀ ਤਾਂ ਤਵਾਰੀਖ ਵਿੱਚ ਦੁਪੱਟਾ ਸਜਾਉਣ ਦਾ ਵਰਣਨ ਹੁੰਦਾ।

### "ਹਵਾਲਾ ਦੁਸ਼ਟ ਦਮਨ ਪ੍ਰਕਾਸ਼ ਗ੍ਰੰਥ"

### ਪ੍ਰਸੰਗ ਮਾਤਾ ਭਾਗੋ

ਮੁਕਤਸਰ ਦੇ ਜੰਗ ਦੇ ਫੇਰ ਪਿਛੋਂ,
ਰਹੀ ਗੁਰੂ ਵਹੀਰ ਦੇ ਨਾਲ ਮਾਈ।
ਘਰ ਵਾਰ ਵਿਸਾਰ ਮਲੰਗ ਹੋ ਗਈ,
ਲੋਕ-ਲਾਜ ਵਿਸਾਰ ਕਮਾਲ ਮਾਈ।
ਰਹੇ ਸਦਾ ਹੀ ਮਸਤ ਅਵਧੂਤ ਨੰਗੀ,
ਰੱਖੇ ਹਥ ਵਿਚ ਸਾਂਗ ਬਸਾਲ ਮਾਈ।
ਇਕ ਦਿਨ ਸਤਿਗੁਰਾਂ ਨੇ ਦੇਖ ਲਈ,
ਕਿਹਾ ਉਸਨੂੰ ਹੋਸ਼ ਸੰਭਾਲ ਮਾਈ।
ਇਕ ਰਸ ਬਿਰਤੀ ਮੇਂ ਲਿਵਲੀਵਨ ਹੈਂ ਤੂੰ,
ਕਾਇਮ ਰਖ ਕੁਝ ਜਗਤ ਦੀ ਚਾਲ ਮਾਈ।
ਕੇਸ ਕਰ ਕੱਠੇ, ਧੋ ਸਾਫ ਕਰਕੇ,
ਛੋਟੀ ਬੰਨ੍ਹ ਦਸਤਾਰ ਬੇਤਾਲ ਮਾਈ।
ਤੇੜ ਕਛ ਪਾ ਚਾਦਰਾ ਲੈ ਉਪਰ,
ਮਰਯਾਦਾ ਦੇ ਤਾਈਂ ਨ ਟਾਲ ਮਾਈ।
ਮੰਨ ਲਏ ਸਭ ਹੁਕਮ ਕਰਤਾਰ ਸਿੰਘਾ,
ਸਦਾ ਜਪਦੀ ਨਾਲ ਅਕਾਲ ਮਾਈ।

## ਗੁਰਬਾਣੀ ਪ੍ਰਮਾਣ—

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਸਾਬਤ ਸੂਰਤ ਤੇ ਦਸਤਾਰ ਸਿਰਾ ਸੰਬੰਧੀ ਇਹ ਕਥਨ ਹੈ:—

ਹਕੁ ਹਲਾਲੁ ਬਖੋਰਹੁ ਖਾਣਾ ॥ ਦਿਲ ਦਰੀਆਉ ਧੋਵਹੁ ਮੈਲਾਣਾ ॥ ਪੀਰੁ ਪਛਾਣੈ ਭਿਸਤੀ ਸੋਈ, ਅਜਰਾਈਲੁ ਨ ਦੋਜ ਠਰਾ ॥ ਕਾਇਆ ਕਿਰਦਾਰ ਅਉਰਤ ਯਕੀਨਾ ॥ ਰੰਗ ਤਮਾਸੇ ਮਾਣਿ ਹਕੀਨਾ ॥ ਨਾਪਾਕ ਪਾਕੁ ਕਰਿ ਹਦੂਰਿ ਹਦੀਸਾ, ਸਾਬਤ ਸੂਰਤਿ ਦਸਤਾਰ ਸਿਰਾ ॥ (ਮਾਰੂ ਮ: ੫, ਪੰਨਾ ੧੦੮੪

ਉਪਰੋਕਤ ਸਭ ਕੁਝ ਤੋਂ ਇਹ ਸਿੱਧ ਹੈ ਕਿ ਨੰਗੇ ਸਿਰ ਰਹਿਣਾ ਮਨੁਖਤਾ ਦੇ ਚੰਗੇ ਅਸਲਾਂ ਤੋਂ ਉਲਟ ਹੈ ਅਤੇ ਰੂਹਾਨੀ ਸ਼ਕਤੀ ਨੂੰ ਖੈ ਕਰ ਦੇਣ ਵਾਲਾ ਹੈ, ਖ਼ਾਸ ਕਰਕੇ ਸਿੰਘ, ਸਿੰਘਣੀਆਂ ਤੇ ਗੁਰਸਿੱਖ ਬੱਚੇ

[ਬਾਕੀ ਦੇਖੋ ਸਫ਼ਾ ੪੦ ਹੇਠ ]



www.AKJ.Org

# ਭਾਰਤ ਸਰਕਾਰ ਦਾ ਇਕ ਪ੍ਰਸੰਸਾ ਯੋਗ ਫ਼ੈਸਲਾ

[ਵਲੋਂ–ਗਿ: ਗੁਰਦਿਤ ਸਿੰਘ ਜੀ ਜਨਰਲ ਸਕੱਤਰ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ]

**ਫ਼ੌਜ ਵਿਚ ਕੇਸਾਂ ਦੀ ਬੇਅਦਬੀ ਤੇ ਰੋਕ–**

ਭਾਰਤ ਸਰਕਾਰ ਨੇ ਇਕ ਸ਼ਲਾਘਾ ਯੋਗ ਫੈਸਲਾ ਹੁਣੇ ਹੁਣੇ ਕੀਤਾ ਹੈ, ਜਿਸ ਉਤੇ ਅਮਲ ਵੀ ਅਰੰਭ ਹੋ ਗਿਆ ਹੈ। ਕੋਈ ਵੀ ਵਿਅਕਤੀ ਜੋ ਆਪਣੇ ਆਪ ਨੂੰ ਸਿੱਖ ਕਹਾਏਗਾ, ਉਹ ਜਿਸ ਦਿਨ ਤੋਂ ਫ਼ੌਜ ਵਿਚ ਭਰਤੀ ਹੋ ਜਾਵੇਗਾ ਉਸ ਦਿਨ ਤੋਂ ਕੇਸ ਦਾੜ੍ਹੀ ਅਤੇ ਮੁੱਛਾਂ ਆਦਿਕ ਨੂੰ ਸਿੱਖ ਮਰਯਾਦਾ ਅਨੁਸਾਰ ਰਖੇਗਾ ਅਤੇ ਨਾਲ ਹੀ ਪ੍ਰਤਗਿਆ-ਪੱਤਰ ਭਰੇਗਾ ਕਿ ਜੇ ਮੈਂ ਇਸ ਹੁਕਮ ਨੂੰ ਭੰਗ ਕੀਤਾ ਤਾਂ ਡਿਸਿਪਲਨਰੀ ਐਕਸ਼ਨ ਦਾ ਭਾਗੀ ਹੋਵਾਂਗਾ। ਇਸ ਭਾਂਤ ਦੇ ਪ੍ਰਤਗਿਆ-ਪੱਤਰ ਉਤੇ ਐਨਰੋਲਿੰਗ ਆਫ਼ੀਸਰ ਦੇ ਦਸਖ਼ਤ ਹੋਣਗੇ ਅਤੇ ਭਰਤੀ ਹੋਣ ਵਾਲੇ ਵਿਅਕਤੀ ਦੇ ਵੀ। ਇਹ ਪ੍ਰਣ-ਪੱਤਰ ਜਾਰੀ ਕਰਨ ਤੋਂ ਪਹਿਲਾਂ ਭਾਰਤ ਦੇ ਆਰਮੀ ਹੈੱਡ ਕੁਆਟਰ ਵਲੋਂ, ਜੋ ੧੯ ਜੂਨ, ੧੯੭੫ ਨੂੰ ਪੱਤਰ ਨੰਬਰ ਏ ੧੦੩੫੩੩ ਆਰ. ਟੀ. ਜੀ. (ਓਅਰ) (ਏ) ਫ਼ੌਜ ਵਿਚ ਸਿੱਖਾਂ ਦੀ ਭਰਤੀ ਬਾਰੇ ਜਾਰੀ ਕੀਤਾ ਗਿਆ ਹੈ, ਉਸ ਦਾ ਪੂਰਾ ਭਾਵ ਅਰਥ ਇਸ ਤਰ੍ਹਾਂ ਹੈ:–

**ਫ਼ੌਜ ਵਿਚ ਸਿੱਖਾਂ ਦੀ ਭਰਤੀ–**

੧. ਫੌਜ ਵਿਚ ਭਰਤੀ ਹੋਣ ਵਾਲੇ ਉਨ੍ਹਾਂ ਸਿੱਖ ਜੁਆਨਾਂ ਦਾ ਸੁਆਲ ਇਸ ਹੈੱਡ ਕੁਆਟਰ ਵਿਚ ਵਿਚਾਰਿਆ ਗਿਆ ਜੋ ਕੇਸਾਂ ਦੀ ਬੇਅਦਬੀ ਕਰਦੇ ਹਨ।

੨. ਇਹ ਫ਼ੈਸਲਾ ਕੀਤਾ ਗਿਆ ਕਿ ਉਨ੍ਹਾਂ ਸਿੱਖ ਜੁਆਨਾਂ ਨੂੰ ਫ਼ੌਜ ਵਿਚ ਭਰਤੀ ਕਰ ਲਿਆ ਜਾਵੇ ਜਿਨ੍ਹਾਂ ਨੇ ਆਪਣੇ ਕੇਸ ਕਟਾਏ ਹੋਏ ਹਨ, ਜਾਂ ਕਾਂਟ-ਛਾਂਟ ਕੀਤੀ ਜਾਂ ਅੰਸ਼ਿਕ ਤੌਰ ਤੇ ਕਟਵਾਏ ਹੋਏ ਹਨ। ਪਰੰਤੂ ਇਨ੍ਹਾਂ ਸਿੱਖ ਜੁਆਨਾਂ ਤੋਂ ਇਸ ਸੰਬੰਧ ਵਿਚ ਸਰਟੀਫ਼ਿਕੇਟ ਲੈ ਲਿਆ ਜਾਵੇ ਕਿ ਉਹ ਨੌਕਰੀ ਵਿਚ ਰਹਿੰਦਿਆਂ ਹੋਇਆਂ ਸਿੱਖ ਧਰਮ ਅਤੇ ਮਰਯਾਦਾ ਅਨੁਸਾਰ ਕੇਸਾਂ, ਦਾੜ੍ਹੀ ਅਤੇ ਮੁੱਛਾਂ ਨੂੰ ਕਾਇਮ ਰਖਣਗੇ।

੩. ਇਹ ਸਰਟੀਫਿਕੇਟ ਅੰਤਿਕਾ 'ਏ' ਤੇ ਦਿਤੇ ਹੋਏ ਫ਼ਾਰਮ ਉਤੇ ਲਿਆ ਜਾਵੇਗਾ ਅਤੇ ਸੰਬੰਧਿਤ ਕੇਂਦਰ ਨੂੰ ਭਰਤੀ-ਫ਼ਾਰਮ ਦੇ ਨਾਲ ਲਾ ਕੇ ਭੇਜਿਆ ਜਾਵੇਗਾ।

੪. ਕਿਰਪਾ ਸਹਿਤ ਪ੍ਰਾਪਤੀ ਰਸੀਦ ਭੇਜੀ ਜਾਵੇ।

ਸਹੀ/–(ਏ. ਕੇ. ਸ਼ਿਵਪੁਰੀ) ਐਮ. ਲੈਫ. ਕਰਨਲ ਏ ਏ ਜੀ ਆਰ ਟੀ ਜੀ 5(ਓਅਰ)ਐਡਜੂਟੈਂਟ ਜਨਰਲ

ਪ੍ਰਣ-ਪੱਤਰ ਜੋ ਇਸ ਹੁਕਮ ਦੇ ਉਤਾਰੇ ਨਾਲ ਕਮਾਂਡਰ ਹੈੱਡ ਕੁਆਟਰ, ਭਰਤੀ ਅਫ਼ਸਰਾਂ ਦੀਆਂ ਸਾਰੀਆਂ ਸ਼ਾਖ਼ਾਵਾਂ, ਸਾਰੀਆਂ ਰਜਮੰਟਾਂ ਤੇ ਸਿਖਲਾਈ ਕੇਂਦਰਾਂ ਨੂੰ ਭੇਜਿਆ ਗਿਆ ਹੈ ਉਸ ਨਾਲ ਜੋ ਪ੍ਰਣ-ਪੱਤਰ ਨੱਥੀ ਕੀਤਾ ਗਿਆ ਹੈ ਉਸ ਦਾ ਪੰਜਾਬੀ ਅਨੁਵਾਦ ਇਸ ਤਰ੍ਹਾਂ ਹੈ:–

ਮੈਂ.......... ਸਪੁੱਤਰ ਸ੍ਰੀ........ਸੱਚੇ ਦਿਲੋਂ ਇਹ ਬਿਆਨ ਦਿੰਦਾ ਹਾਂ ਕਿ ਮੇਰਾ ਸਿੱਖ ਧਰਮ ਹੈ ਅਤੇ ਮੈਂ ਫ਼ੌਜ ਵਿਚ ਭਰਤੀ ਹੋਣ ਉਪਰੰਤ ਸੇਵਾ ਵਿਚ ਰਹਿੰਦਿਆਂ ਹੋਇਆਂ ਆਪਣੇ ਕੇਸ, ਦਾੜ੍ਹੀ ਅਤੇ ਮੁੱਛਾਂ ਸਿਖ ਮਰਯਾਦਾ ਅਨੁਸਾਰ ਰਖ ਲਵਾਂਗਾ। ਮੈਂ ਇਹ ਵੀ ਪ੍ਰਤਗਿਆ ਕਰਦਾ ਹਾਂ ਕਿ ਜੇ ਮੈਂ ਇਸ ਬਚਨ ਦੀ ਪਾਲਨਾ ਨਾ ਕੀਤੀ ਤਾਂ ਆਗਿਆ ਭੰਗ ਕਰਨ ਦੇ ਆਧਾਰ ਤੇ ਅਨੁਸ਼ਾਸਨੀ ਕਾਰਵਾਈ ਦਾ ਭਾਗੀ ਹੋਵਾਂਗਾ।

ਐਨਰੋਲਿੰਗ ਅਫ਼ਸਰ ਦੇ ਦਸਖ਼ਤ

ਮਿਤੀ........ ਉਮੀਦਵਾਰ ਦੇ ਦਸਖ਼ਤ

ਮਿਤੀ........

ਭਾਰਤ ਸਰਕਾਰ ਦੇ ਇਸ ਹੁਕਮ ਦਾ ਜਿਥੇ ਸਿਖਾਂ ਦੇ ਧਾਰਮਕ ਸਮਾਜ ਉਪਰ ਸੁਖਾਵੇਂ ਤੇ ਸੁਹਿਰਦ ਸਾਂਝਾਂ ਵਾਲੇ ਪ੍ਰਭਾਵ ਪੈਣਗੇ ਉਥੇ ਇਸ ਦੇ ਭਾਰਤ ਦੇ ਹਿੱਤਾਂ ਲਈ ਵੀ ਦੂਰ-ਰਸ ਨਤੀਜੇ ਨਿਕਲਣਗੇ......

ਇਕ ਜ਼ਮਾਨਾ ਸੀ ਜਦੋਂ ਫ਼ੌਜ ਵਿਚੋਂ ਸੰਤ ਸਿਪਾਹੀ ਨਿਕਲਦੇ ਸਨ ਜੋ ਰੀਟਾਇਰ ਹੋ ਕੇ ਸਮਾਜ ਤੇ ਧਰਮ ਦੀ ਸੇਵਾ ਵਿਚ ਤਨ ਮਨ ਲਾ ਕੇ ਸੇਵਾ ਕਰਦੇ ਸਨ ਅਤੇ ਲੋਕਾਂ ਨੂੰ ਵਾਧੂ ਵਹਿਮਾਂ ਭਰਮਾਂ ਤੋਂ ਛੁਟਕਾਰਾ ਦਿਵਾਉਂਦੇ ਸਨ। ਸੰਤ ਅਤਰ ਸਿੰਘ ਜੀ ਮਸਤੂਆਣਾ, ਸੰਤ ਕਰਮ ਸਿੰਘ ਜੀ ਹੋਤੀ ਮਰਦਾਨ, ਸੰਤ ਅਤਰ ਸਿੰਘ ਜੀ ਰੇਰੂ ਸਾਹਿਬ, ਸੰਤ ਮਘਰ ਸਿੰਘ ਜੀ ਰਾਮਗੜ੍ਹ



www.AKJ.Org

ਅਤੇ ਹੋਰ ਅਨੇਕਾਂ ਅਜਿਹੇ ਗੁਰਮੁਖ ਗੁਰਸਿੱਖਾਂ ਦੇ ਨਾਮ ਲਏ ਜਾ ਸਕਦੇ ਹਨ ਜਿਨ੍ਹਾਂ ਨੇ ਫ਼ੋਜ ਵਿਚ ਜਾਣ ਜਾਂ ਰਹਿਣ ਸਮੇਂ ਸਿੱਖੀ ਧਾਰਨ ਕੀਤੀ ਅਤੇ ਫ਼ੌਜ ਤੋਂ ਪਰਤਣ ਸਮੇਂ ਗੁਰਮੁੱਖ ਪਦ ਤੇ ਪੁਜੇ ਹੋਏ ਸਮਾਜ-ਸੁਧਾਰਕਾਂ ਦੇ ਰੂਪ ਵਿਚ ਪਰਤੇ। ਇਸ ਵੇਲੇ ਦਾ ਕਚ-ਘਰੜ ਜਿਹਾ ਲਾਣਾ ਫ਼ੌਜ ਵਿਚੋਂ ਪਰਤਣ ਸਮੇਂ ਸਿਆਸੀ ਜਾਂ ਬਦ-ਹਵਾਸੀ ਅਤੇ ਅਸੰਤੋਸ਼ ਦੇ ਰੂਪ ਦਾ ਧਾਰਨੀ ਹੋ ਕੇ ਪਰਤਦਾ ਰਿਹਾ ਹੈ, ਜੋ ਨਾ ਆਪਣੇ ਲਈ ਲਾਭਦਾਇਕ ਰਿਹਾ ਹੈ ਨਾ ਕਿਸੇ ਹੋਰ ਲਈ।

ਹੁਣ ਜਦੋਂ ਭਾਰਤ ਸਰਕਾਰ ਨੇ ਇਹ ਚੰਗਾ ਕਦਮ ਚੁਕਿਆ ਹੈ। ਪ੍ਰੀਣਾਮ ਸਰੂਪ ਉਹ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ ਜਦੋਂ ਮੁੜ ਧਾਰਮਕ ਭਾਵਨਾਵਾਂ ਵਾਲੇ ਵਿਅਕਤੀ ਫ਼ੌਜ ਵਿਚੋਂ ਮੁੜ ਉਭਰਨਗੇ ਅਤੇ ਨੌਕਰੀ ਤੋਂ ਪਿਛੋਂ ਜੇ ਹੋਰ ਕੁਝ ਨਹੀਂ ਤਾਂ ਨੇਕ ਰਹਿਣ ਦੇ ਸੁਭਾਉ ਵਾਲੇ ਜ਼ਰੂਰ ਬਣੇ ਰਹਿਣਗੇ। ਪਰ ਇਹ ਅੰਮ੍ਰਿਤਧਾਰੀ ਹੋਣੇ ਜ਼ਰੂਰੀ ਹਨ।

## ਪੁਲੀਸ ਵਿਚ ਵੀ ਇਹ ਹੁਕਮ ਲਾਗੂ ਹੋਣਾ ਚਾਹੀਦਾ ਹੈ—

ਭਾਰਤ ਦੇਸ਼ ਦੇ ਸਾਰੇ ਸੂਬਿਆਂ ਵਿਚ ਅਮਨ ਅਤੇ ਕਾਨੂੰਨ ਦੀ ਰਖਵਾਲ ਪੁਲੀਸ ਹੈ। ਜਿਸ ਵਿਚ ਧਾਰਮਕ ਨਿਸ਼ਟਾ ਅਤੇ ਈਮਾਨਦਾਰੀ ਵੱਧ ਤੋਂ ਵੱਧ ਹੋਣੀ ਚਾਹੀਦੀ ਹੈ। ਅਜਿਹੇ ਸ਼ੁਭ ਗੁਣ ਧਰਮ ਨਾਲੋਂ ਕਿਸੇ ਹੋਰ ਚੀਜ਼ ਉਤੇ ਅਧਾਰਤ ਕਹੇ ਤਾਂ ਜਾਂਦੇ ਹਨ, ਪਰ ਨਿਰਆਧਾਰ ਹੋਣ ਕਾਰਨ ਉਨ੍ਹਾਂ ਇਖ਼ਲਾਕੀ ਗੁਣਾਂ ਤੇ ਸਭਿਆਚਾਰਾਂ ਦੀ ਮੰਜ਼ਲ ਅਤਿ ਸਿਆਣੀਆਂ ਕੌਮਾਂ ਵਿਚ ਹੀ ਕਿਤੇ ਮਿਲਦੀ ਹੈ। ਸਾਡੇ ਦੇਸ਼ ਵਿਚ ਇਹ ਗੁਣਵਾਨ ਚੀਜ਼ਾਂ ਜਿਥੇ ਵੇਖੀਆਂ ਜਾਂਦੀਆਂ ਹਨ ਉਨ੍ਹਾਂ ਦੇ ਪਿੱਛੇ ਧਾਰਮਕ ਭੈ-ਭਾਵਨਾ ਹੀ ਨਜ਼ਰ ਪੈਂਦੀ ਹੈ।

ਪੰਜਾਬ ਦੀ ਪੁਲੀਸ ਦੀ ਜ਼ਿੰਮੇਵਾਰੀ ਦੂਹਰੀ ਹੈ। ਇਹ ਸਰਹੱਦੀ ਇਲਾਕੇ ਦੀ ਪੁਲਸ ਵੀ ਹੈ ਅਤੇ ਪੰਜਾਬ ਪ੍ਰਾਂਤ ਦੀ ਵੀ; ਉਹ ਪੰਜਾਬ ਪ੍ਰਾਂਤ ਦੀ, ਜਿਸ ਨੂੰ ਬਾਹਰਲੇ ਲੋਕ ਸਿੱਖਾਂ ਦੀ ਜਨਮ ਭੂਮੀ ਜਾਂ ਘਰ ਸਮਝਦੇ ਹਨ। ਏਥੋਂ ਦੇ ਪੁਲੀਸ-ਅਫ਼ਸਰ ਤੇ ਹੋਰ ਅਧਿਕਾਰੀ ਕਰਮਚਾਰੀ ਜਦੋਂ ਏਸ ਸੂਬੇ ਦੀ ਕਚ-ਘਰੜ ਜਿਹੇ ਰੂਪ ਵਿਚ ਪ੍ਰਤੀਨਿਧਤਾ ਕਰਦੇ ਹਨ ਤਾਂ ਪੰਜਾਬ ਦੇ ਲੋਕਾਂ ਉਤੇ ਗੌਰਵ ਅਨੁਭਵ ਕਰਨ ਵਾਲਿਆਂ ਨੂੰ ਲਜਿਆ ਨਾਲ ਸਿਰ ਨੀਵੇਂ ਕਰਨੇ ਪੈਂਦੇ ਹਨ। ਪਤਾ ਲਗਿਆ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਕਈ ਵਾਰੀ ਮੀਟਿੰਗਾਂ ਵਿਚ ਕੁੱਝ ਅੱਧ-ਵਰਿੰਡੇ ਜਿਹੇ ਰੂਪ ਦੇ ਧਾਰਨੀ ਸਿੱਖ-ਅਫ਼ਸਰਾਂ ਨੂੰ ਨਿੱਜੀ ਤੌਰ ਤੇ ਕਈ ਵਾਰੀ ਝਾੜਿਆ ਝੰਬਿਆ ਵੀ ਹੈ ਕਿ ਜਾਂ ਤਾਂ ਉਹ ਸਿਰ ਮੂੰਹ ਮੁਨਾ ਹੀ ਦੇਣ ਜਾਂ ਇਹ ਦਾੜ੍ਹੀ ਮੁੱਛਾਂ ਦੀ ਕਤਰ-ਕਤਰਾਈ ਬੰਦ ਕਰ ਦੇਣ। ਆਸ਼ਾ ਕੀਤੀ ਜਾਂਦੀ ਹੈ ਉਨ੍ਹਾਂ ਦੀ ਸਿੱਖੀ ਭਾਵਨਾ ਭਾਰਤ ਸਰਕਾਰ ਦੇ ਇਸ ਹੁਕਮ ਦੇ ਪ੍ਰਭਾਵ ਹੇਠਾਂ ਪੰਜਾਬ ਪੁਲੀਸ ਲਈ ਵੀ ਏਸੇ ਭਾਂਤ ਦੇ ਪ੍ਰਣ-ਪੱਤਰ ਭਰਾਉਣ ਲਈ ਹੁਕਮ ਜਾਰੀ ਕਰੇਗੀ। ਜਿਥੇ ਅਸਾਨੂੰ ਅਜਿਹੇ ਹੁਕਮਾਂ ਉਤੇ ਪ੍ਰਸਨੰਤਾ ਹੈ ਉਥੇ ਸਾਡੇ ਵੀਰਾਂ ਦੇ ਉਸ ਰਵੱਈਏ ਪ੍ਰਤੀ ਅਫ਼ਸੋਸ ਵੀ ਹੈ ਜੋ ਸਮੇਂ ਦਾ ਲਾਭ ਉਠਾ ਕੇ ਅਜਿਹੇ ਸਿੱਖੀ ਹਿੱਤਾਂ ਵਾਲੇ ਹਰ ਹੁਕਮ, ਜੋ ਜਾਰੀ ਹੋਣ ਵਾਲੇ ਜਾਂ ਮਮੂਲੀ ਪ੍ਰੇਰਨਾ ਨਾਲ ਕਰਾਏ ਜਾ ਸਕਦੇ ਹਨ, ਹਾਲਾਤ ਦਾ ਲਾਭ ਉਠਾ ਕੇ ਜਾਰੀ ਨਹੀਂ ਕਰਵਾ ਸਕੇ।

---

[ ੩੮ ਸਫ਼ੇ ਦੀ ਬਾਕੀ ]

ਬੱਚੀਆਂ ਲਈ, ਜਿਨ੍ਹਾਂ ਵਿੱਚ ਰਹਿਣੀ ਪਾਲਣ ਕਰਦੇ ਹੋਏ ਬਾਣੀ ਪੜ੍ਹਨ, ਤੇ ਅਜਪਾ ਜਾਪ ਸਿਮਰਨ ਕਰ ਕੇ ਸ਼ਕਤੀ ਦੇ ਭੰਡਾਰ ਉਤਪੰਨ ਹੁੰਦੇ ਹਨ, ਉਨ੍ਹਾਂ ਲਈ ਤਾਂ ਅਤਿ ਜ਼ਰੂਰੀ ਹੈ ਕਿ ਕਦੇ ਭੀ ਨੰਗਾ ਸਿਰ ਕਰ ਕੇ ਆਪਣੀ ਮਾਨਸਿਕ ਸ਼ਕਤੀ ਨੂੰ ਜ਼ਾਇਆ ਨਾ ਕਰਨ। ਇਹ ਗੁਰ-ਹੁਕਮਾਂ ਦੀ ਭਾਰੀ ਉਲੰਘਣਾ ਹੈ। ਉਹ ਬੀਬੀਆਂ ਜੋ ਕੇਵਲ ਦੁਪੱਟੇ ਨਾਲ ਹਰ ਸਮੇਂ ਸਿਰ ਕੱਜਿਆ ਰੱਖਣ ਦਾ ਦਾਅਵਾ ਕਰਦੀਆਂ ਹੋਣ, ਪ੍ਰਤੱਖ ਗਲਤੀ ਤੇ ਹਨ, ਕਿਉਂਕਿ ਕਦਾਚਿਤ ਹਰ ਸਮੇਂ ਦੁਪੱਟਾ ਸਿਰ ਤੇ ਟਿਕਿਆ ਨਹੀਂ ਰਹਿ ਸਕਦਾ। ਤਾਂ ਤੇ ਅਤਿ ਜ਼ਰੂਰੀ ਹੈ ਕਿ ਗੁਰ-ਹੁਕਮਾਂ ਤੇ ਗੁਰਮਤਿ ਦੀ ਰਹਿਣੀ ਅਨੁਸਾਰ ਪੁਰਾਤਨ ਸਿੰਘਣੀਆਂ ਦੀ ਤਰ੍ਹਾਂ ਹੁਣ ਭੀ ਇਸ ਵਿਸਾਰ ਦਿੱਤੇ ਕਕਾਰ ਕੇਸਕੀ ਨੂੰ ਫੇਰ ਧਾਰਨ ਕਰਨ ਤੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਇਸੇ ਤਰ੍ਹਾਂ ਸਿੰਘ ਭੀ ਕੇਸਕੀ ਦੇ ਧਾਰਨੀ ਹੋਣ ਅਤੇ ਦੋਹਰੀਆਂ ਦਸਤਾਰਾਂ ਸਜਾ ਕੇ, ਆਪਣਾ ਨਿਰਾਲਾ ਸਰੂਪ ਪ੍ਰਗਟਾ ਕੇ, ਖਾਲਸਾ ਹੋਂਦ ਸਾਰੇ ਸੰਸਾਰ ਨੂੰ ਦਰਸਾਉਣ।



www.AKJ.Org

# 'ਸੂਰਾ' ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ ਜੋ ਨਵੇਂ ਮੈਂਬਰ ਬਣੇ ਹਨ ਉਨ੍ਹਾਂ ਦੇ ਸੌ ਸੌ ਅਤੇ ਇਕ ਦੇ ਇਕ ਹਜ਼ਾਰ ਰੁਪਏ ਪੰਜਾਬ ਸਿੰਧ ਬੈਂਕ, ਹਾਲ ਬਜ਼ਾਰ, ਅੰਮ੍ਰਿਤਸਰ ਵਿਚ ਜਮ੍ਹਾ ਕਰਾ ਕੇ, ਹੇਠ ਲਿਖੀਆਂ ਐਫ-ਡੀਆਂ ਬਣਵਾ ਦਿਤੀਆਂ ਗਈਆਂ ਹਨ :—

| | | | |
|---|---|---|---|
| 17. ਸ: ਹਰਬੰਸ ਸਿੰਘ *S/o* ਬਾਬੂ ਮੱਲ ਸਿੰਘ | (ਚਿਟ ਨੰ: 1543) | 399295-1494-75 | ਮਿਤੀ 22-10-75 |
| 18. ਪ੍ਰੈਜ਼ੀਡੈਂਟ ਗੁਰਦਵਾਰਾ ਹਾਸੀ ਮਾਰਾ | ( ,, 1192) | 399296-1495-75 | ,, |
| 19. ,, ,, ,, | ( ,, 1193) | 399297-1496-75 | ,, |
| 20. ,, ,, ,, | ( ,, 1194) | 399298-1497-75 | ,, |
| 21. ,, ,, ,, | ( ,, 1195) | 399299-1498-75 | ,, |
| 22. ,, ,, ,, | ( ,, 1196) | 399300-1499-75 | ,, |
| 23. ਸ: ਅਮਰੀਕ ਸਿੰਘ ਅਨੰਦ | ( ,, 1216) | 399301-1500-75 | ,, |
| 24. ਬੀਬੀ ਚਰਨ ਕੌਰ | ( ,, 249) | 399302-1501-75 | ,, |
| 25. ਬੀਬੀ ਪਰੀਤਮ ਕੌਰ | ( ,, 256) | 399303-1502-75 | ,, |
| 26. ਸ: ਮਨੀ ਸਿੰਘ | ( ,, 610) | 399304-1503-75 | ,, |
| 27. ਸ: ਹਰਚਰਨ ਸਿੰਘ—ਬੀਬੀ ਅੰਮ੍ਰਿਤ ਕੌਰ | ( ,, 177) | 399305-1504-75 | ,, |
| 28. ਸ: ਗੁਰਚਰਨ ਸਿੰਘ | ( ,, 8) | 399306-1505-75 | ,, |
| 29. ਸ: ਸਤਨਾਮ ਸਿੰਘ | ( ,, 347) | 399307-1506-75 | ,, |
| 30. ਸ: ਬੰਗਲਾਵਰ ਸਿੰਘ | ( ,, 832) | 39[illegible]-75 | ,, |
| 31. ਸ: ਚਰਨਜੀਤ ਸਿੰਘ | ( ,, 1528) | [illegible] | ,, |
| 32. ਸ: ਮਨਮੋਹਨ ਸਿੰਘ ਪਰੇਮ ਸਿੰਘ | ( ,, 141) | [illegible] | ,, |
| 33. ਸ: ਸੁਰਿੰਦਰਪਾਲ ਸਿੰਘ | ( ,, 261) | [illegible] | ,, |
| 34. ਸ: ਮਨਮੋਹਨ ਸਿੰਘ | ( ,, 811) | [illegible] | ,, |
| 35. ਸ: ਅਤਰ ਸਿੰਘ ਰਵਿੰਦਰ ਸਿੰਘ | ( ,, 228) | [illegible]75 | ,, |
| 36 ਸ: ਸੁਹੇਲ ਸਿੰਘ | ( ,, 421) | 39931[illegible]13-75 | ,, |
| 37. ਸ: ਮਾਨ ਸਿੰਘ (ਇਕ ਹਜ਼ਾਰ ਰੁਪਏ) | ( ,, 919) | 399315-1514-75 | ,, |
| 38. *Cpl.* ਤੇਜਿੰਦਰ ਸਿੰਘ ਬੱਗਾ | ( ,, 1523) | 399335-1534-75 | 27-10 75 |
| 39. ਸ: ਦੇਵਲ ਸਿੰਘ *Retd. Sub.* | ( ,, 240) | 399336-1535-75 | ,, |
| 40. *M.W.O.* ਆਰ. ਪੀ. ਸਿੰਘ | ( ,, 488) | 399337-1536-75 | ,, |
| 41. ਸ: ਤਾਰਾ ਸਿੰਘ ਸੇਖੋਂ | ( ,, 951) | 399341-1540-75 | 28-10-75 |

ਦੇਸ ਵਾਸਤੇ ਅਮਾਨਤੀ ਲਾਈਫ਼ ਮੈਂਬਰੀ ਰਕਮ ਇਕ ਸੌ ਰੁਪਏ ਹੈ ਅਤੇ ਦੂਜੇ ਸਾਰੇ ਮੁਲਕਾਂ ਲਈ ਸਮੁੰਦਰੀ ਡਾਕ ਢਾਈ ਸੌ ਰੁਪਏ ਹੈ, ਪਰ ਹਵਾਈ ਡਾਕ ਵਾਸਤੇ ਵਖ ਵਖ ਦੇਸ਼ਾਂ ਲਈ ਹੇਠ ਲਿਖੇ ਅਨੁਸਾਰ ਹੈ—

ਯੂ. ਕੇ ਅਤੇ ਅਫਰੀਕਾ ਆਦਿ ਲਈ 650 ਰੁਪਏ।

ਮਲਾਇਆ ਸਿੰਘਾਪੁਰ ਤੇ ਅਰਬ ਦੇਸ਼ਾਂ ਲਈ 500 ਰੁਪਏ।

www.AKJ.Org

# ਜਲੰਧਰ ਸ਼ਹਿਰ ਵਿਖੇ ਨਿਰੰਕਾਰੀ ਗੁਰਪੁਰਬ

**੧੬ ਨਵੰਬਰ ਐਤਵਾਰ ਸਵੇਰ ਤੋਂ ੧੯ ਨਵੰਬਰ ਬੁਧਵਾਰ ਸਵੇਰ ਤਕ ਕੀਰਤਨ ਸਮਾਗਮ**

ਸੰਗਤਾਂ ਦੀ ਸੇਵਾ ਵਿਚ ਜੋਦੜੀ ਹੈ ਕਿ ਹਰ ਸਾਲ ਵਾਂਗ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼-ਉਤਸ਼ਵ ਦੇ ਸੰਬੰਧ ਵਿਚ ਜਲੰਧਰ ਸ਼ਹਿਰ ਵਿਖੇ ਮਹਾਨ ਕੀਰਤਨ ਸਮਾਗਮ ਹੋ ਰਹੇ ਹਨ। ਬੇਅੰਤ ਅਖੰਡ ਕੀਰਤਨੀ ਜੱਥੇ ਪੁਜ ਰਹੇ ਹਨ। ਪਰਵਾਰਾਂ ਸਮੇਤ ਦਰਸ਼ਨ ਦੀਦਾਰੇ ਬਖ਼ਸ਼ ਕੇ ਲਾਭ ਪ੍ਰਾਪਤ ਕਰੋ ਜੀ।

## ਪ੍ਰੋਗਰਾਮ

16.11.75 ਸਵੇਰੇ 3-00 ਤੋਂ 5-00 ਆਸਾ ਦੀ ਵਾਰ ਕੀਰਤਨ
ਉਪਰੰਤ ਅਰੰਭ ਸ੍ਰੀ ਅਖੰਡ ਪਾਠ ਲਾਇਲਪੁਰ ਖਾਲਸਾ ਹਾ: ਸਕੈ: ਸਕੂਲ
ਸਵੇਰੇ 6-00 ਤੋਂ 12-00 ਅਖੰਡ ਕੀਰਤਨ ਮਿੰਟਗੁਮਰੀ ਗੁਰੂ ਨਾਨਕ ਟ੍ਰੇਨਿੰਗ ਕਾਲਜ, ਆਦਰਸ਼ ਨਗਰ
ਸ਼ਾਮ 7-00 ਤੋਂ 9-30 ਅਖੰਡ ਕੀਰਤਨ ਲਾਇਲਪੁਰ ਖ਼ਾ: ਹਾ: ਸਕੈ: ਸਕੂਲ
17.11.75 ਸਵੇਰੇ 5-00 ਤੋਂ 1-00 ਆਸਾ ਦੀ ਵਾਰ ਤੇ ਅਖੰਡ ਕੀਰਤਨ " " "
ਸ਼ਾਮ 7-00 ਤੋਂ 9-30 ਅਖੰਡ ਕੀਰਤਨ " " "
18.11.75 ਸਵੇਰੇ 5-00 ਤੋਂ 1-00 ਭੋਗ ਸ੍ਰੀ ਅਖੰਡਪਾਠ ਉਪਰੰਤ ਕੀਰਤਨ " " "
ਸ਼ਾਮ 7-30 ਕੀਰਤਨ ਰੈਣ-ਸਬਾਈ ਅਰੰਭ " " "
19.11.75 ਸਵੇਰੇ 7-00 ਭੋਗ ਰੈਣ-ਸਬਾਈ ਕੀਰਤਨ " " "
**ਅੰਮ੍ਰਿਤ-ਸਿੰਚਾਰ**—੧੮ ਨਵੰਬਰ ਤਿੰਨ ਵਜੇ ਦੁਪਹਿਰ ਅਰੰਭ ਹੋਵੇਗਾ। " " "

ਨੋਟ :—(੧) ਬਾਹਰੋਂ ਆਉਣ ਵਾਲੀਆਂ ਸੰਗਤਾਂ ਦਾ ਉਤਾਰਾ ਲਾਇਲਪੁਰ ਖ਼ਾਲਸਾ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ ਵਿਖੇ ਹੋਵੇਗਾ। ੨. ਬਿਸਤਰੇ ਲੋੜ ਅਨੁਸਾਰ ਜ਼ਰੂਰ ਲਿਆਉਣੇ ਜੀ।

ਦਰਸ਼ਨ ਅਭਿਲਾਖੀ—ਅਖੰਡ ਕੀਰਤਨੀ ਜੱਥਾ, ਜਲੰਧਰ

---

**ਰਿਸ਼ਤੇ ਨਾਤੇ**—ਲੋੜਵੰਦ ਸਜਣ ਚਿਠੀ 'ਸੂਰਾ' ਮਾਸਕ ਪਤਰ ਅੰਮ੍ਰਿਤਸਰ ਨੂੰ ਲਿਖਣ ਅਤੇ ਐਡਰੈਸ ਦੇ ਉਪਰ ਫ਼ਾਰਮ ਨੰਬਰ ਜ਼ਰੂਰ ਲਿਖਣ।

**ਫ਼ਾਰਮ ਨੰਬਰ ੩੦**—ਇਕ ੨੬ ਸਾਲਾ ਸਿੰਘ, ਕਦ ਸਵਾ ਪੰਜ ਫੁਟ, ਲਤ ਵਿਚ ਮਮੂਲੀ ਨੁਕਸ, ਮੈਟਰਿਕ, ੧੮ ਏਕੜ ਮਾਲਕੀ ਜ਼ਮੀਨ, ਕਲਰਕ ੩੦੧/- ਮਹੀਨਾ, ਲਈ ਗੁਰਸਿਖ ਬੀਬੀ ਦੀ ਲੋੜ ਹੈ।

**ਫ਼ਾਰਮ ਨੰਬਰ ੩੧**—ਇਕ ਤਿਆਰ-ਬਰ-ਤਿਆਰ ਸਿੰਘ, ਉਮਰ ੩੧ ਸਾਲ, ਕੱਦ ਸਾਢੇ ਪੰਜ ਫੁਟ, ਮੈਟਰਿਕ, ਗੌਰਮਿੰਟ ਨੌਕਰੀ ੫੫੦/-ਅਤੇ ਚਾਰ ਕਿਲੇ ਜ਼ਮੀਨ ਹੈ, ਲਈ ਗੁਰਮੁਖ ਬੀਬੀ ਦੀ ਲੋੜ ਹੈ।

**ਫ਼ਾਰਮ ਨੰਬਰ ੩੨**—ਇਕ ਤਿਆਰ-ਬਰ-ਤਿਆਰ ਨਿਤਨੇਮਣ ਬੀਬੀ, ਉਮਰ ੨੩ ਸਾਲ, ਕਦ ਚਾਰ ਫੁਟ ਯਾਰਾਂ ਇੰਚ, ਸਿਲਾਈ ਕੋਰਸ ਪਾਸ, ਬੀ. ਏ. ਦੂਜੇ ਸਾਲ ਵਿਚ ਪੜ੍ਹਦੀ ਲਈ ਤਿਆਰ-ਬਰ-ਤਿਆਰ ਯੋਗ ਵਰ ਦੀ ਲੋੜ ਹੈ।

**ਫ਼ਾਰਮ ਨੰਬਰ ੩੪**—ਇਕ ੨੩ ਸਾਲਾ *B. Sc., B. Ed.* ਤਿਆਰ ਬਰ-ਤਿਆਰ ਨਿਤਨੇਮਣ ਤੇ ਕੀਰਤਨੀ ਬੀਬੀ, ਕਦ ਪੰਜ ਫੁਟ ਦੋ ਇੰਚ, ਸਿਹਤ ਚੰਗੀ ਹੈ, ਲਈ ਆਰਮੀ ਜਾਂ ਏਅਰ ਫ਼ੋਰਸ ਵਿਚ ਅਫ਼ਸਰ ਜਾਂ ਚੰਗੇ ਕਾਰੋਬਾਰੀ ਅੰਮ੍ਰਿਤਧਾਰੀ ਵਰ ਦੀ ਲੋੜ ਹੈ।

**ਫ਼ਾਰਮ ਨੰਬਰ ੩੫**—ਇਕ ੩੦-੩੧ ਸਾਲਾ ਤਿਆਰ ਬਰ ਤਿਆਰ ਸਿੰਘ, ਕਦ ਸਾਢੇ ਪੰਜ ਫੁਟ, ਸਿਹਤ ਬਹੁਤ ਚੰਗੀ ਹੋਲਸੇਲ ਕਲਾਥ ਮਰਚੈਂਟ, ਹਜ਼ਾਰ ਰੁਪਏ ਮਾਸਕ ਆਮਦਨੀ ਹੈ, ਲਈ ਗੁਰਮੁਖ ਪਰਵਾਰ ਚੋਂ ਗੁਰਸਿਖ ਸੁਸ਼ੀਲ ਤੇ ਨਿਰਮਾਣ ਬੱਚੀ ਦੀ ਲੋੜ ਹੈ।

www.AKJ.org